DHINDSA TRAVEL
ਬਾਜ਼ਾਰ ਨਾਲੋਂ ਸਸਤੀਆਂ ਟਿਕਟਾਂ ਦੀ ਗਰੰਟੀ
Email:dhindsatravelltd@yahoo.com
Web:www.dhindsatravels.com
3 Locations Serve You
Payal Bussiness Centre #151-8120-128St, Surrey 604-599-5599
Abbotsford #104-32059 Hillcrest Ave 604-746-2727
DUKH NIVARAN SAHIB PLAZA #111-15299 68Ave 604-744-4445

+91 77175-02848
+91 98146-12006
+91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
(ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576
+1 778-207-8100
EAGLE EYE
PICK & DROP
CAR RENTALS & TAXI SERVICE 24 HOURS



Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



ਪੰਜਾਬ ਐਬਟਸਫੋਰਡ
# ਗਾਰਡੀਅਨ
PUNJAB GUARDIAN
B.C Greater Vancouver, Fraser Valley, Victoria, Nanaimo, Prince George, Kamloops, Kelowna, Oliver, Squamish
ALBERTA Edmonton, Calgary
ONTARIO Ottawa, Brampton, Toronto
QUEBEC Montreal
USA Greater Seattle, Everett, Marysville, Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 32, Issue No. 22 Ending Date: May 30, 2025



LW LAKHE WALE JEWELLERS
ਲੱਖੇਵਾਲੇ ਜਿਊਲਰਜ਼ ਜਗਰਾਉਂ ਵਾਲੇ
Manufacture, Retail, Wholesaler
ਅਸੀਂ ਸੋਨੇ ਦੇ ਗਹਿਣੇ ਬਣਾਉਂਦੇ ਹਾਂ ਹੋਲਸੇਲ ਅਤੇ ਰੀਟੇਲ
(604) 503-2655
#162-12899 80 Ave, Surrey
(PAYAL BUSINESS CENTRE)
www.lakhewalejewellers.com lwjwellers@gmail.com


## ਚੀਨ ਨੇ ਅਰੁਣਾਚਲ ਦੇ ਸਭ ਸ਼ਹਿਰਾਂ ਦੇ ਨਾਂ ਬਦਲੇ ਹੁਣ ਚੀਨ ਵਿਰੁੱਧ ਕਾਰਵਾਈ ਕਿਉਂ ਨਹੀਂ?-ਮਾਨ

ਫ਼ਤਹਿਗੜ੍ਹ ਸਾਹਿਬ:ਦੁੱਖ ਤੇ ਅਫਸੋਸ ਹੈ ਕਿ ਚੀਨ ਜੋ ਅੱਜ ਕੌਮਾਂਤਰੀ ਪੱਧਰ ਤੇ ਵੱਡੇ ਮੁਲਕਾਂ ਦੀ ਕਤਾਰ ਵਿਚ ਆ ਚੁੱਕਾ ਹੈ ਅਤੇ ਜਿਸ ਨੇ ਪਹਿਲੇ ਵੀ ਇੰਡੀਆਂ ਦੇ ਸਾਡੇ ਲਾਹੌਰ ਖਾਲਸਾ ਰਾਜ ਦਰਬਾਰ ਵੱਲੋਂ ਜਿੱਤੇ ਹੋਏ ਲਦਾਖ ਅਤੇ ਕਸ਼ਮੀਰ ਦੇ ਇਲਾਕਿਆ ਨੂੰ ਚੀਨ ਨੇ ਆਪਣੇ ਕਬਜੇ 'ਚ ਲਿਆ ਹੋਇਆ ਹੈ, ਜਿਸਦਾ ਖੇਤਰਫਲ 39000 ਸਕੇਅਰ ਵਰਗ ਕਿਲੋਮੀਟਰ ਅਤੇ 2000 ਸਕੇਅਰ ਵਰਗ ਕਿਲੋਮੀਟਰ ਹੁਣੇ ਹੀ 2020 ਤੇ 2022 ਵਿਚ ਕਬਜੇ ਵਿਚ ਲਏ ਹਨ ।ਹੁਣ ਚੀਨ ਨੇ ਪੂਰੇ ਅਰੁਣਾਚਲ ਅਤੇ ਉਸਦੇ ਸ਼ਹਿਰਾਂ ਦੇ ਨਾਮ ਬਦਲ ਦਿੱਤੇ ਹਨ, ਜਿਸ ਨੂੰ ਚੀਨ ਨੇ ਆਪਣੇ ਨਕਸ਼ੇ 'ਚ ਦਿਖਾਇਆ ਹੋਇਆ ਹੈ, ਉਸ ਵਿਰੁੱਧ ਹੁਣ ਇੰਡੀਅਨ ਹੁਕਮਰਾਨ ਜਾਂ ਹਿੰਦੂਤਵ ਸੋਚ ਵਾਲੇ ਅਮਲ ਕਿਉਂ ਨਹੀਂ ਕਰਦੇ ? ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਚੀਨ ਵੱਲੋਂ ਇੰਡੀਆਂ ਦੇ ਅਰੁਣਾਚਲ ਸਟੇਟ ਦਾ ਨਾਮ ਬਦਲਣ ਅਤੇ ਉਸਦੇ ਸਮੁੱਚੇ ਸ਼ਹਿਰਾਂ ਦੇ ਨਾਮ ਬਦਲਣ ਉਤੇ ਕੋਈ ਵੀ ਅਮਲ ਨਾ ਹੋਣ ਅਤੇ ਬਿਨ੍ਹਾਂ ਵਜਹ ਪੰਜਾਬ ਨੂੰ ਜੰਗ ਦੇ ਮੂੰਹ ਵਿਚ ਧਕੇਲਣ, ਪੰਜਾਬੀਆਂ ਅਤੇ ਸਿੱਖਾਂ 'ਤੇ ਜ਼ਬਰ ਜੁਲਮ ਕੀਤੇ ਜਾਣ 'ਤੇ ਤਿੱਖਾ ਪ੍ਰਤੀਕਰਮ ਜਾਹਰ ਕਰਦੇ ਹੋਏ ਕਿਹਾ ਕਿ ਜੇਕਰ ਪੰਜਾਬ ਦੇ ਨਾਲ ਲੱਗਦੀ ਸਰਹੱਦ 'ਤੇ ਕੋਈ ਥੋੜ੍ਹੀ ਬਹੁਤੀ ਹਿੱਲਜੁਲ ਜਾਂ ਕੋਈ ਸ਼ਰਾਰਤ ਹੋ ਜਾਵੇ, ਤਾਂ ਹੁਕਮਰਾਨ ਅਤੇ ਬਹੁਗਿਣਤੀ ਹਿੰਦੂ ਕੌਮ ਜੰਗਾਂ-ਯੁੱਧਾਂ ਦੀ ਗੱਲ ਕਰਕੇ ਇਕਦਮ ਮਾਹੌਲ ਵਿਚ ਕੁੜੱਤਣ ਪੈਦਾ ਕਰ ਦਿੰਦੇ ਹਨ ਅਤੇ ਲਹਿੰਦੇ ਤੇ ਚੜ੍ਹਦੇ ਪੰਜਾਬੀਆਂ ਅਤੇ ਹਰ ਵਰਗ ਦੇ ਲੋਕਾਂ ਦੇ ਜੀਵਨ ਨੂੰ ਡੂੰਘੇ ਕਸ਼ਟ 'ਚ ਪਾ ਦਿੰਦੇ ਹਨ, ਜਦਕਿ ਚੜ੍ਹਦੇ ਤੇ ਲਹਿੰਦੇ ਪੰਜਾਬ ਵਾਲੇ ਜੰਗ ਬਿਲਕੁਲ ਵੀ ਚਾਹੁੰਦੇ।




The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
- Purchases with 5% Down Payment
- Refinance & Renewals at Best Rates
- Self-employment - Special Programs
- Second Mortgage & Equity Loans (No Income Verification)
- Private financing - Easy Approvals
- Low Income & Bad Credit Financing
Satnam Saroya
Mortgage Specialist
604.760.9172
# 384-8148 128 St, Surrey
(Payal Buss. Centre)


## ਚੀਨ ਵੱਲੋਂ ਬੰਗਲਾਦੇਸ਼ ਨਾਲ ਮਿਲ ਕੇ ਭਾਰਤ ਦੀ ਸਰਹੱਦ ਦੇ ਨੇੜੇ ਏਅਰ ਬੇਸ ਬਣਾਉਣ ਦੀ ਤਿਆਰੀ

ਢਾਕਾ: ਚੀਨ, ਭਾਰਤੀ ਸਰਹੱਦ ਨੇੜੇ ਬੰਗਲਾਦੇਸ਼ ਵਿੱਚ ਦੂਜੇ ਵਿਸ਼ਵ ਯੁੱਧ ਦੇ ਸਮੇਂ ਦਾ ਏਅਰਬੇਸ ਦੁਬਾਰਾ ਖੋਲ੍ਹਣ ਦੀ ਕੋਸ਼ਿਸ਼ ਕਰ ਰਿਹਾ ਹੈ?ਉੱਤਰੀ ਬੰਗਲਾਦੇਸ਼ ਵਿੱਚ ਇੱਕ ਪੁਰਾਣਾ ਵਿਸ਼ਵ ਯੁੱਧ-2 ਦਾ ਹਵਾਈ ਖੇਤਰ, ਜੋ ਕਿ ਭਾਰਤੀ ਸਰਹੱਦ ਤੋਂ ਕੁਝ ਕਿਲੋਮੀਟਰ ਦੂਰ ਸਥਿਤ ਹੈ, ਇਸਦੇ ਪੁਨਰ ਵਿਕਾਸ ਵਿੱਚ ਚੀਨੀ ਸ਼ਮੂਲੀਅਤ ਦੀਆਂ ਰਿਪੋਰਟਾਂ ਦੇ ਨਸ਼ਰ ਹੋਈਆਂ ਹਨ।ਦਿ ਟਾਈਮਜ਼ ਆਫ਼ ਇੰਡੀਆ ਦੇ ਅਨੁਸਾਰ ਇਹ ਏਅਰਬੇਸ ਜੋ ਕਦੇ ਦੂਜੇ ਵਿਸ਼ਵ ਯੁੱਧ ਦੌਰਾਨ ਇੱਕ ਮਹੱਤਵਪੂਰਨ ਸਹਿਯੋਗੀ ਕੇਂਦਰ ਸੀ-ਚੀਨੀ ਅਧਿਕਾਰੀਆਂ ਦੁਆਰਾ ਸਾਈਟ ਦੇ ਦੌਰੇ ਅਤੇ ਹਵਾਈ ਖੇਤਰ ਦੇ ਆਲੇ ਦੁਆਲੇ ਵਧਦੀ ਗਤੀਵਿਧੀ ਦੀਆਂ ਹਾਲੀਆ ਰਿਪੋਰਟਾਂ ਤੋਂ ਬਾਅਦ ਮੁੜ ਉੱਭਰ ਆਇਆ ਹੈ।ਇਸਤੋਂ ਇਲਾਵਾ ਭਾਰਤ ਦੇ ਰਣਨੀਤਕ ਤੌਰ 'ਤੇ ਮਹੱਤਵਪੂਰਨ ਸਿਲੀਗੁੜੀ ਕੋਰੀਡੋਰ ਨੇੜੇ ਚੀਨ ਦੀ ਇਸ ਪਹਿਲਕਦਮੀ ਨੇ ਭਾਰਤੀ ਰੱਖਿਆ ਅਤੇ ਰਣਨੀਤਕ ਸਰਕਲਾਂ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ।ਚੀਨ ਵੱਲੋਂ ਚੁੱਕੇ ਗਏ ਹਾਲੀਆ ਕਦਮ ਵਿੱਚ, ਸੈਟੇਲਾਈਟ ਤਸਵੀਰਾਂ ਦੀ ਮਦਦ ਨਾਲ ਇਹ ਰਿਪੋਰਟ ਦਿੱਤੀ ਗਈ ਹੈ ਕਿ ਚੀਨ ਨੇ ਤਿੱਬਤ ਵਿੱਚ ਇੱਕ ਹੋਰ ਏਅਰਬੇਸ ਨੂੰ ਸਰਗਰਮ ਕਰ ਦਿੱਤਾ ਹੈ।ਸੈਟੇਲਾਈਟ ਤਸਵੀਰਾਂ ਤੋਂ ਪਤਾ ਚੱਲਿਆ ਹੈ ਕਿ ਚੀਨ ਦਾ ਨਾਗਰੀ ਗੁੰਸਾ ਏਅਰਬੇਸ, ਜੋ ਹੁਣ ਤੱਕ ਸਿਵਲ ਉਡਾਣਾਂ ਲਈ ਵਰਤਿਆ ਜਾਂਦਾ ਸੀ ਇਸ ਨੂੰ ਏਅਰ ਫੋਰਸ ਦੇ ਲੜਾਕੂ ਜਹਾਜ਼ਾਂ ਨਾਲ ਭਰਿਆ ਜਾ ਰਿਹਾ ਹੈ।ਚੀਨੀ ਏਅਰਬੇਸ ਦੀ ਰਣਨੀਤਕ ਸਥਿਤੀ ਬਾਰੇ ਗੱਲ ਕਰਦੇ ਹੋਏ, ਇਹ ਭਾਰਤ ਦੇ ਤਿੰਨ ਰਾਜਾਂ, ਉੱਤਰਾਖੰਡ, ਹਿਮਾਚਲ ਪ੍ਰਦੇਸ਼ ਅਤੇ ਲੱਦਾਖ ਦੇ ਬਹੁਤ ਨੇੜੇ ਸਥਿਤ ਹੈ।ਇਸ ਲਈ ਭਾਰਤ ਵੱਲੋਂ ਪਾਕਿਸਤਾਨ 'ਤੇ ਹਵਾਈ ਹਮਲੇ ਤੋਂ ਬਾਅਦ ਹਾਲ ਹੀ ਵਿੱਚ ਕੀਤੇ ਗਏ ਕਦਮ ਤੋਂ ਚੀਨੀ ਏਅਰਫੋਰਸ ਦੀ ਚੌਕਸੀ ਸਪੱਸ਼ਟ ਤੌਰ 'ਤੇ ਦੇਖੀ ਜਾ ਸਕਦੀ ਹੈ। ਇੱਕ ਹੋਰ ਖਬਰ ਅਨੁਸਾਰ ਭਾਰਤ ਦੇ ਵਿਹੜੇ ਵਿੱਚ ਚੀਨੀ "ਜਾਸੂਸੀ" ਜਹਾਜ਼ ਦੇਖਿਆ ਗਿਆ ਹੈ।ਚੀਨ ਨੇ ਹਿੰਦ ਮਹਾਸਾਗਰ ਖੇਤਰ ਵਿੱਚ ਦਾ ਯਾਂਗ ਯੀ ਹਾਓ ਜਹਾਜ਼ ਭੇਜਿਆ ਹੈ। ਚੀਨ ਇਸਨੂੰ ਇੱਕ ਖੋਜ ਜਹਾਜ਼ ਕਹਿੰਦਾ ਹੈ ਪਰ ਇਸਦੀ ਵਰਤੋਂ ਜਾਸੂਸੀ ਲਈ ਕੀਤੀ ਜਾਂਦੀ ਹੈ।ਜਹਾਜ਼ ਵਿੱਚ ਉੱਨਤ ਸੋਨਾਰ ਸੈਂਸਰ ਹਨ ਜੋ ਪਣਡੁੱਬੀ ਗਤੀਵਿਧੀਆਂ ਨੂੰ ਟਰੈਕ ਕਰ ਸਕਦੇ ਹਨ।ਚੀਨੀ ਜਹਾਜ਼ ਅਰਬ ਸਾਗਰ ਵਿੱਚ ਜਿੱਥੇ ਆਪ੍ਰੇਸ਼ਨ ਸਿੰਦੂਰ ਦੇ ਹਿੱਸੇ ਵਜੋਂ ਵੱਡੀ ਗਿਣਤੀ ਵਿੱਚ ਭਾਰਤੀ ਜਲ ਸੈਨਾ ਤਾਇਨਾਤ ਹੈ।ਇਹ ਪਹਿਲੀ ਵਾਰ ਨਹੀਂ ਹੈ ਜਦੋਂ ਚੀਨ ਨੇ ਆਪਣੇ ਜਹਾਜ਼ਾਂ ਦੀ ਵਰਤੋਂ ਕਰਕੇ ਭਾਰਤੀ ਫੌਜ 'ਤੇ ਨਜ਼ਰ ਰੱਖਣ ਦੀ ਕੋਸ਼ਿਸ਼ ਕੀਤੀ ਹੈ ਪਹਿਲਾ ਵੀ ਚੀਨ ਅਜਿਹਾ ਕਰਦਾ ਆ ਰਿਹਾ ਹੈ।


ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਡੈਂਟਲ ਤੇ ਮੈਡੀਕਲ ਪਲੈਨ • ਆਰ ਈ ਐਸ ਪੀ, ਆਰ ਆਰ ਐਸ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੀਵਾਰ ਤੇ ਬਾਲ ਕਵਰੇਜ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
Insurance
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior
Ph:604-897-2526

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
604-852-2204

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ, 604-562-7000, 604-314-0000
#397-8148-128 ST. (PAYAL BUSINESS CENTRE) SURREY

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ।ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ 6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜਿਊਲਰਜ਼ ਲਿਮ.
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

IATA Accredited Agent
SIDHU TRAVEL LTD.
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
Rani Sidhu
Rani Sidhu:604-504-3400
Aman:604-800-3003
Email:sidhutravel13@gmail.com
BESTWAY Foreign Exchange Ltd.
www.bestwayforeignexchange.com
Sony Sidhu (Zira)
Ph: 778-246-2500
604-592-2676
Unit 109, 12830-80 Ave York Centre Surrey

J&J FRESH LOOK HOMES LTD..
Pacific HOME WARRANTY
ਫਰੇਮਿੰਗ ਦੇ ਕਈ ਸਾਲਾਂ ਦੇ ਤਰਜਬੇ ਤੋਂ ਬਾਦ ਹੁਣ ਮੁਕੰਮਲ ਘਰ ਬਣਾਉਣ ਦਾ ਕੰਮ ਸ਼ੁਰੂ
*Custom Houses *Project Management
*Residential *Buildings
Jarnail Singh Maan:
604.832.9308
maanjarnail@gmail.com
#136-1779 Clearbrook Rd, Abbotsford

MOHIE Travel Ltd.
#136-1779 Clearbrook Rd, Abbotsford
• DOMESTIC & INTERNATIONAL TICKETS
• TOURS , CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan
604-746-9222
Email:mohietravel@gmail.com

Universal Auto Collision Ltd.
We Moved To New Location
27441-FRASER HWY. ALDERGROVE, BC
» ਆਈ. ਸੀ. ਬੀ. ਸੀ. ਕਲੇਮਜ਼ » ਪ੍ਰਾਈਵੇਟ ਕਲੇਮਜ਼ » ਫਰੀ ਐਸਟੀਮੇਟ
» ਫਰੀ ਕਰਟਸੀ ਕਾਰ » ਆਟੋ ਗਲਾਸ ਰਿਪਲੇਸਮੈਂਟ
• ICBC Claims • Private Claims • Free Courtesy Cars
• Auto Glass Replacement • Free Estimates Fax:604-596-3800 Ph. 604-596-2800
Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ 778-552-0305


FARM AND SPICE
FARM AND SPICE
Weekly Special
May 23 – 29
Senior Citizen Discount
5% Off
Every Thursday
Except on Dairy Products
ਲਾਲ ਪਿਆਜ਼
Red Onion
25 Lbs each
$11.99
ਗਾਜਰ
Indian Carrots
Per lb
$1.29
ਧਨੀਆ
Cilantro
2 for
$0.99
ਨਾਸ਼ਪਤੀ
Fragrant Pears
Per lb
$1.49
ਰੁਸੈਟ ਆਲੂ
Russet Potatoes
10 Lbs
$3.99
ਅਦਰਕ
Ginger
per lb
$1.29
ਲੈਟਸ
Head Lettuce
each
$1.49
ਨਿੰਬੂ
Lemon
2 for
$0.99
ਸੰਤਰੇ
Mandarins
Per lb
$1.49
ਦੇਸੀ ਸੂਜੀ
Desi Suji
4 lbs
$3.99
ਬਾਜ਼ ਆਟਾ
Baaz Durum Chakki Atta
20 Lbs
$12.99
ਸਵੇਰਾ ਪਨੀਰ
Savera Paneer
341 gms each
$4.99
ਮੀਨਾਰ ਬਾਸਮਤੀ
Minar Etreme Extra Long Basmati Rice
10 Lbs
$11.99
ਆਈ ਟੀ ਐਨ ਅੰਬ ਜੂਸ
Itn Mango Juice
1.5 ltrs
$2.99
ਅੰਬੇ ਪੇਸੀ ਗੁੜ
Ambay Pesi gur
1 Kg
$3.99
ਮੈਪਸਟਰ ਗੋਲਗਪੇ
Mampster Golgappa
290 gms
$8.99
*while supply last
Open 7 Days a Week
8:30 am to 9:00 pm
farmandspice.com
#9546-9548 Scott Town Plaza
96 Ave Scott Road Surrey
# 09-10 12830 96 Ave.
Surrey BC | Tel: 604 930 7742
# 103-104 14320 64 Ave.
Surrey BC | Tel: 604 593 6323



# ਜ਼ਬਰਜਨਾਹ ਮਾਮਲੇ 'ਚ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਨੂੰ ਮਿਲੀ ਵੱਡੀ ਰਾਹਤ

ਚੰਡੀਗੜ੍ਹ:ਸਿੱਖ ਪ੍ਰਚਾਰਕ ਬਾਬਾ ਰਣਜੀਤ ਸਿੰਘ ਢਡਰੀਆਂਵਾਲਾ ਪਟਿਆਲਾ ਦੇ ਪਰਮੇਸ਼ਰ ਦੁਆਰ ਡੇਰੇ ਦੇ ਮੁਖੀ ਹਨ। ਜੋ ਅਕਸਰ ਹੀ ਵਿਵਾਦ ਵਿੱਚ ਘਿਰੇ ਰਹਿੰਦੇ ਨੇ , ਜਿਨ੍ਹਾਂ ਖਿਲਾਫ 12 ਸਾਲ ਪੁਰਾਣੇ ਮਾਮਲੇ ਵਿਚ ਹੁਣ ਐਫਆਈਆਰ ਰੱਦ ਕਰਨ ਦੀ ਮੰਗ ਕੀਤੀ ਗਈ ਹੈ, ਜਿਸ ਨਾਲ ਭਾਈ ਰਣਜੀਤ ਸਿੰਘ ਢੰਡਰੀਆਂ ਵਾਲਿਆਂ ਨੂੰ ਇਕ ਵੱਡੀ ਰਾਹਤ ਮਿਲਦੀ ਹੋਈ ਨਜ਼ਰ ਆਉਂਦੀ ਪਈ ਹੈ, ਦਰਅਸਲ ਇਹ ਮਾਮਲਾ ਸਾਲ 2012 ਦਾ ਹੈ, ਜਿਸ ਵਿੱਚ ਭਾਈ ਰਣਜੀਤ ਸਿੰਘ ਢੰਡਰੀਆਂ ਵਾਲਿਆਂ ਉਪਰ ਇਕ ਕੁੜੀ ਦੇ ਬਲਾਤਕਾਰ ਤੇ ਕਤਲ ਦੇ ਇਲਜਾਮ ਲੱਗੇ ਸਨ।

# ਗੁਰੂ ਸਾਹਿਬਾਨ ਦਾ ਐਨੀਮੇਸ਼ਨ ਰਾਹੀਂ ਫਿਲਮਾਂਕਣ ਬਰਦਾਸ਼ਤ ਤੋਂ ਬਾਹਿਰ:ਗੜਗੱਜ



ਅੰਮ੍ਰਿਤਸਰ (ਨਿਰਮਲ ਸਿੰਘ ਚੋਹਾਨ): ਯੂਟਿਊਬਰ ਧਰੁਵ ਰਾਠੀ ਵਲੋਂ ਗੁਰੂ ਸਾਹਿਬਾਨ ਦੇ ਏਆਈ ਐਨੀਮੇਸ਼ਨ ਰਾਹੀ ਕੀਤੇ ਗਏ ਫਿਲਮਾਂਕਣ ਦੇ ਖਿਲਾਫ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਬ ਗਿ ਕੁਲਦੀਪ ਸਿੰਘ ਗੜਗੱਜ ਨੇ ਕਰੜਾ ਨੋਟਿਸ ਲੈਂਦਿਆਂ ਕਿਹਾ ਕਿ ਰਾਠੀ ਇਸ ਨੂੰ ਛੇਤੀ ਤੋਂ ਛੇਤੀ ਡਲੀਟ ਕਰ। ਯੂਟਿਊਬਰ ਧਰੁਵ ਰਾਠੀ ਵਲੋਂ ਪੰਥ ਦੇ ਵਾਲੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਏਅਈ(ਆਰਟੀਫੀਸ਼ੀਅਲ ਇੰਟੇਲੀਜੈਂਸ) ਦੇ ਨਾਲ ਫਿਲਮ ਤਿਆਰ ਕੀਤੀ ਹੈ, ਉਨ੍ਹਾਂ ਕਿਹਾ ਕਿ ਇਸ ਫਿਲਮ ਦੀ ਸਕਰਿਪਟਿੰਗ ਬਿਲਕੁਲ ਗਲਤ ਹੈ ਜੋ ਹੋਣੀ ਨਹੀਂ ਚਾਹੀਦੀ। ਫਿਰ ਉਸਨੇ ਗੁਰੂ ਸਾਹਿਬ ਨੂੰ ਹਰਕਤ ਕਰਦਿਆਂ ਦਿਖਾਇਆ ਹੈ, ਜਦ ਕਿ ਸਿੱਖਾਂ ਵਿੱਚ ਸਪੱਸ਼ਟ ਹੈ ਕਿ ਗੁਰੂ ਸਾਹਿਬ, ਗੁਰੂ ਪ੍ਰੀਵਾਰ, ਨਾਂ ਤਾਂ ਕਿਸੇ ਫਿਲਮ ਜਾਂ ਐਨੀਮੇਸ਼ਨ ਵਿੱਚ ਦਿਖਾਇਆ ਜਾ ਸਕਦਾ ਹੈ, ਇਸ ਲਈ ਉਹ ਰਾਠੀ ਕਹਿ ਰਿਹਾ ਕਿ ਇਸ ਫਿਲਮ ਨੂੰ ਮੈਂ ਬੜੇ ਉੱਚੇ ਲੈਵਲ ਤੇ ਲੈ ਚੁੱਕਾ ਹਾਂ ਬਾਰੇ ਜਥੇਦਾਰ ਸਾਹਬ ਨੇ ਸੱਖਤੀ ਨਾਲ ਕਿਹਾ ਕਿ ਜਿੱਥੇ ਮਰਜੀ ਲੈਜਾ, ਤੇ ਬੰਦਾ ਬਣ ਕੇ ਇਸ ਨੂੰ ਜਲਦੀ ਤੋਂ ਜਲਦੀ ਡਲੀਟ ਕਰ, ਅਸੀ ਇਸ ਨੂੰ ਪ੍ਰਵਾਨ ਨਹੀਂ ਕਰਦੇ।ਉਨ੍ਹਾਂ ਕਿਹਾ ਕਿਲ ਗੁਰੂ ਸਾਹਬ ਨੇ ਆਪਣੇ ਪੁੱਤ ਸ਼ਹੀਦ ਕਰਵਾਏ ਅਤੇ ਸ਼ਹੀਦੀ ਤੋਂ ਬਾਅਦ ਚਮਕੌਰ ਦੀ ਗੜ੍ਹੀ ਚੋਂ ਜੈਕਾਰਾ ਲਗਾਇਆ ਅਤੇ ਜਦੋਂ ਛੋਟੇ ਸਾਹਿਬਜਾਦਿਆਂ ਦੀ ਸ਼ਹੀਦੀ ਬਾਰੇ ਸੁਣਿਆ ਤਾਂਸ਼ ਉਦੋਂ ਪਾਤਸ਼ਾਹ ਨੇ ਆਪਣੇ ਤੀਰ ਦੇ ਨਾਲ ਕਾਈ ਦਾ ਬੂਟਾ ਪੁੱਟ ਕੇ ਕਿਹਾ ਸੀ ਕਿ ਜ਼ੁਲਮੀ ਰਾਜ ਦੀ ਜੜ ਪੁੱਟੀ ਗਈ ਤੇ ਸਿੱਖਾਂ ਨੇ ਬਾਅਦ ਵਿੱਚ ਜ਼ੁਲਮੀ ਰਾਜ ਦੀ ਜੜ ਪੁੱਟੀ।ਫਿਲਮ ਵਿੱਚ ਪਾਤਸ਼ਾਹ ਨੂੰ ਹੰਜੂ ਵਹਾਉਂਦੇ ਵੀ ਦਿਖਾਇਆ ਗਿਆ। ਉਨ੍ਹਾਂ ਸੱਖਤ ਲਹਿਜੇ ਵਿੱਚ ਕਿਹਾ ਕਿ ਗੁਰੁ ਸਾਹਿਬ ਉੱਤੇ ਤੈਨੂੰ ਜਾਂ ਕਿਸੇ ਹੋਰਨ੍ਹੂੰ ਵੀ ਫਿਲਮ ਬਣਾਉਣ ਦਾ ਕੋਈ ਹੱਕ ਨਹੀਂ ਹੈ।ਉਨ੍ਹਾਂ ਕਿਹਾ ਕਿ ਪਹਿਲਾਂ ਤਾਂ ਤੂੰ ਇਹ ਸਕਰਿਪਟ ਗਲਤ ਲਿਖੀ, ਫਿਰ ਦੁਨੀਆਂ ਕੋਲੋਂ ਇਸ ਬਾਰੇ ਉਨ੍ਹਾਂ ਦੀ ਰਾਏ ਮੰਗ ਰਿਹਾ ਹੈਂ। ਉਨ੍ਹਾਂ ਕਿਹਾ ਕਿ ਕੌਣ ਆਪਣੀ ਰਾਏ ਦੇਵੇਗਾ ਜਦ ਕਿ ਗੁਰੁ ਸਾਹਿਬ, ਜਾਂ ਸਿੱਖ ਹੱਸਤੀਆਂ ਬਾਰੇ ਕੋਈ ਫ਼ਿਲਮਾਂਕਣ ਹੀ ਨਹੀਂ ਕਰ ਸਕਦਾ। ਇਸ ਨੂੰ ਸਿੱਖ ਕਦੇ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਰੜੇ ਸ਼ਬਦਾਂ ਵਿੱਚ ਕਿਹਾ ਕਿ ਇਸ ਨੂੰ ਛੇਤੀ ਤੋਂ ਛੇਤੀ ਡਲੀਟ ਕਰ ਸਿੱਖ ਇਸ ਨੂੰ ਕਦੇ ਪ੍ਰਵਾਨ ਨਹੀਂ ਕਰਨਗੇ।ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦਾ ਸੇਵਾਦਾਰ ਹੋਣ ਨਾਤੇ ਮੈ ਸਮੁੱਚੀ ਦੁਨੀਆਂ ਵਿੱਚ ਵਸਦੇ ਸਿੱਖਾਂ ਨੂੰ ਅਪੀਲ ਕਰਦਾ ਹਾਂ ਕਿ ਕਿਦਰੇ ਵੀ ਗੁਰੁ ਸਾਹਿਬ ਦੇ ਕਿਰਦਾਰਾਂ ਨਾਲ ਛੇੜਛਾੜ ਕੀਤੀ ਜਾਂਦੀ ਹੈ ਕਦੇ ਬਰਦਾਸ਼ਤ ਨਾ ਕਰੀਏ ਬਰਦਾਸ਼ਤ ਯੋਗ ਨਹੀਂ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਵਲੋਂ ਵੀ ਸੱਖਤ ਐਕਸ਼ਨ ਲਿੱਤਾ ਗਿਆ ਹੈ ਅਤੇ ਏਅਈ ਨਾਲ ਬਣਾਈ ਗਰੂ ਸਾਹਬ ਦੀ ਫਿਲਮ ਨੂੰ ਡਲੀਟ ਕਰਨ ਲਈ ਕਿਹਾ ਗਿਆ ਹੈ। ਇਸ ਫਿਲਮ ਬਨਣ ਦੇ ਕਾਰਨ ਸਿੱਖਾਂ ਵਿੱਚ ਰੋਹ ਭਰ ਗਿਆ ਹੈ। ਦਿੱਲੀ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਵਲੋਂ ਤਾਂ ਇੱਥੋਂ ਤਕ ਕਹਿ ਦਿੱਤਾ ਕਿ ਅਗਰ ਰਾਠੀ ਵਲੋਂ ਇਸ ਫਿਲਮ ਨੂੰ ਜਲਦੀ ਡਲਟਿ ਨਾ ਕੀਤਾ ਗਿਆ ਤਾਂ ਇਸ ਦੇ ਖਿਲਾਫ ਪਰਚਾ ਦਰਜ ਕਰਵਾਇਆ ਜਾਵੇਗਾ।

# ਹਰਿਮੰਦਰ ਸਾਹਿਬ ਬਾਰੇ ਭਾਰਤੀ ਫੌਜ ਦੇ ਦਾਅਵੇ ਨੂੰ ਸ਼੍ਰੋਮਣੀ ਕਮੇਟੀ ਨੇ ਕੀਤਾ ਰੱਦ

ਅੰਮ੍ਰਿਤਸਰ:-ਭਾਰਤੀ ਫੌਜ ਵੱਲੋਂ ਹਰਿਮੰਦਰ ਸਾਹਿਬ ਨੂੰ ਲੈ ਕੇ ਕੀਤੇ ਗਏ ਦਾਅਵੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੰਨਣ ਤੋਂ ਇਨਕਾਰ ਕੀਤਾ ਹੈ।ਭਾਰਤੀ ਫੌਜ ਨੇ 'ਆਪ੍ਰੇਸ਼ਨ ਸਿੰਦੂਰ' ਬਾਰੇ ਜਾਣਕਾਰੀ ਦਿੰਦਿਆਂ ਇਹ ਦਾਅਵਾ ਕੀਤਾ ਸੀ ਕਿ ਹਰਿਮੰਦਰ ਸਾਹਿਬ ਪਾਕਿਸਤਾਨ ਦੇ ਨਿਸ਼ਾਨੇ ਉੱਤੇ ਸੀ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਫੌਜ ਦੇ ਇਸ ਦਾਅਵੇ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਇਹ ਭਾਰਤੀ ਅਤੇ ਪਾਕਿਸਤਾਨੀ ਫੌਜ ਦਾ ਕੋਈ ਸਿਆਸੀ ਉਦੇਸ਼ ਹੋ ਸਕਦਾ ਹੈ।ਭਾਰਤ ਵੱਲੋਂ ਚਲਾਏ ਗਏ ਆਪ੍ਰੇਸ਼ਨ ਸਿੰਦੂਰ ਤਹਿਤ ਪਾਕਿਸਤਾਨ ਵਿੱਚ ਕਈ ਥਾਂਵਾਂ ਉੱਤੇ ਕਾਰਵਾਈ ਕੀਤੀ ਗਈ ਸੀ।ਇਸ ਦੌਰਾਨ ਭਾਰਤ ਅਤੇ ਪਾਕਿਸਤਾਨ ਦੋਵਾਂ ਵੱਲੋਂ ਜਵਾਬੀ ਕਾਰਵਾਈ ਦੌਰਾਨ ਇੱਕ-ਦੂਜੇ ਉੱਤੇ ਹਮਲੇ ਕੀਤੇ ਗਏ ਸਨ ਅਤੇ ਅਖ਼ੀਰ 10 ਮਈ ਨੂੰ ਜੰਗਬੰਦੀ ਤੇ ਸਹਿਮਤੀ ਬਣਨ ਤੱਕ ਇਹ ਜਾਰੀ ਰਹੇ ਸਨ।

# ਭਾਰਤ ਅਤੇ ਪਾਕਿਸਤਾਨ ਵਿਚਾਲੇ ਟਕਰਾਅ ਹਮੇਸ਼ਾਂ ਰਵਾਇਤੀ ਖੇਤਰ 'ਚ ਰਿਹਾ:ਮਿਸਰੀ

ਨਵੀਂ ਦਿੱਲੀ: ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਸੰਸਦੀ ਕਮੇਟੀ ਨੂੰ ਦਸਿਆ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ ਟਕਰਾਅ ਹਮੇਸ਼ਾ ਰਵਾਇਤੀ ਖੇਤਰ 'ਚ ਰਿਹਾ ਹੈ ਅਤੇ ਗੁਆਂਢੀ ਦੇਸ਼ ਵਲੋਂ ਕੋਈ ਪ੍ਰਮਾਣੂ ਸੰਕੇਤ ਨਹੀਂ ਦਿਤਾ ਗਿਆ।ਸੂਤਰਾਂ ਨੇ ਦਸਿਆ ਕਿ ਮਿਸਰੀ ਨੇ ਸਰਕਾਰ ਦੇ ਸਟੈਂਡ ਨੂੰ ਦੁਹਰਾਇਆ ਕਿ ਫੌਜੀ ਕਾਰਵਾਈਆਂ ਨੂੰ ਰੋਕਣ ਦਾ ਫੈਸਲਾ ਦੁਵਲੇ ਪੱਧਰ 'ਤੇ ਲਿਆ ਗਿਆ ਸੀ, ਕਿਉਂਕਿ ਕੁੱਝ ਵਿਰੋਧੀ ਮੈਂਬਰਾਂ ਨੇ ਸੰਘਰਸ਼ ਨੂੰ ਰੋਕਣ ਵਿਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਅਪਣੇ ਪ੍ਰਸ਼ਾਸਨ ਦੀ ਭੂਮਿਕਾ ਬਾਰੇ ਵਾਰ-ਵਾਰ ਦਾਅਵਿਆਂ 'ਤੇ ਸਵਾਲ ਚੁਕੇ ਸਨ। ਸੂਤਰਾਂ ਨੇ ਦਸਿਆ ਕਿ ਕੁੱਝ ਸੰਸਦ ਮੈਂਬਰਾਂ ਨੇ ਪੁਛਿਆ ਕਿ ਕੀ ਪਾਕਿਸਤਾਨ ਨੇ ਸੰਘਰਸ਼ ਵਿਚ ਚੀਨੀ ਮੰਚਾਂ ਦੀ ਵਰਤੋਂ ਕੀਤੀ ਸੀ। ਮਿਸਰੀ ਨੇ ਕਿਹਾ ਕਿ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿਉਂਕਿ ਭਾਰਤ ਨੇ ਪਾਕਿਸਤਾਨੀ ਹਵਾਈ ਅੱਡਿਆਂ 'ਤੇ ਵੱਡਾ ਵਾਰ ਕੀਤਾ।ਜਦੋਂ ਵਿਰੋਧੀ ਧਿਰ ਦੇ ਇਕ ਮੈਂਬਰ ਨੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਦੁਸ਼ਮਣੀ ਰੋਕਣ ਦੇ ਫੈਸਲੇ ਤੋਂ ਬਾਅਦ ਟਰੰਪ ਦੀਆਂ ਕਈ ਸੋਸ਼ਲ ਮੀਡੀਆ ਪੋਸਟਾਂ ਬਾਰੇ ਪੁਛਿਆ ਤਾਂ ਵਿਦੇਸ਼ ਸਕੱਤਰ ਨੇ ਵਿਅੰਗ ਕਰਦਿਆਂ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਨੇ ਅਜਿਹਾ ਕਰਨ ਲਈ ਉਨ੍ਹਾਂ ਦੀ ਇਜਾਜ਼ਤ ਨਹੀਂ ਲਈ।










# ਕੱਟੜਪੰਥੀ ਮੈਨੂੰ ਹਰ ਰੋਜ਼ ਗਾ.ਲਾਂ ਕੱਢਦੇ ਹਨ:ਜਾਵੇਦ ਅਖਤਰ



ਨਵੀਂ ਦਿੱਲੀ: ਮਸ਼ਹੂਰ ਗੀਤਕਾਰ ਅਤੇ ਪਟਕਥਾ ਲੇਖਕ 80 ਸਾਲਾ ਜਾਵੇਦ ਅਖਤਰ, ਜੋ ਆਪਣੇ ਆਪ ਨੂੰ ਨਾਸਤਿਕ ਦੱਸਦਾ ਹੈ, ਨੇ ਕਿਹਾ ਕਿ ਉਸਨੂੰ ਭਾਰਤ ਅਤੇ ਪਾਕਿਸਤਾਨ ਦੋਵਾਂ ਪਾਸਿਆਂ ਦੇ ਕੱਟੜਪੰਥੀਆਂ ਤੋਂ ਹਰ ਰੋਜ਼ ਗਾਲ੍ਹਾਂ ਮਿਲਦੀਆਂ ਹਨ ਉਸਨੇ ਕਿਹਾ, "ਕਿਸੇ ਦਿਨ ਮੈਂ ਤੁਹਾਨੂੰ ਆਪਣਾ ਟਵਿੱਟਰ ਅਤੇ ਵਟਸਐਪ ਦਿਖਾਵਾਂਗਾ' ਦੋਵੇਂ ਪਾਸਿਆਂ ਦੇ ਲੋਕ ਮੈਨੂੰ ਗਾਲ੍ਹਾਂ ਕੱਢਦੇ ਹਨ।ਭਾਵੇਂ ਕੁਝ ਲੋਕ ਮੇਰੇ ਵਿਚਾਰਾਂ ਦੀ ਕਦਰ ਕਰਦੇ ਹਨ, ਪਰ ਸੱਚਾਈ ਇਹ ਹੈ ਕਿ ਦੋਵਾਂ ਦੇਸ਼ਾਂ ਦੇ ਕੱਟੜਪੰਥੀ ਮੇਰੇ 'ਤੇ ਹਮਲਾ ਕਰਦੇ ਹਨ ਉਸਨੇ ਅੱਗੇ ਕਿਹਾ, ਇੱਕ ਪਾਸੇ ਲੋਕ ਕਹਿੰਦੇ ਹਨ, 'ਤੂੰ ਕਾਫਿਰ ਹੈ, ਤੂੰ ਨਰਕ ਵਿੱਚ ਜਾਵੇਂਗਾ, ਦੂਜੇ ਪਾਸੇ ਕਹਿੰਦੇ ਤੂੰ ਜੇਹਾਦੀ ਹੈਂ ਪਾਕਿਸਤਾਨ ਚਲਾ ਜਾ ਜੇ ਮੈਨੂੰ ਅਤੇ ਪਾਕਿਸਤਾਨ ਨਰਕ ਵਿੱਚੋਂ ਕਿਸੇ ਇੱਕ ਦੀ ਚੋਣ ਕਰਨੀ ਪਵੇ, ਤਾਂ ਮੈਂ ਨਰਕ ਵਿੱਚ ਜਾਵਾਂਗਾ।ਅਖਤਰ ਨੇ ਇਹ ਵੀ ਕਿਹਾ ਕਿ ਦੇਸ਼ ਦੇ ਹਰ ਨਾਗਰਿਕ ਨੂੰ ਕਿਸੇ ਵੀ ਰਾਜਨੀਤਿਕ ਪਾਰਟੀ ਦੀ ਵਿਚਾਰਧਾਰਾ ਤੋਂ ਉੱਪਰ ਉੱਠ ਕੇ ਸੱਚ ਬੋਲਣ ਦੀ ਹਿੰਮਤ ਹੋਣੀ ਚਾਹੀਦੀ ਹੈ ਉਨ੍ਹਾਂ ਕਿਹਾ, ਅਜਿਹੇ ਨਾਗਰਿਕਾਂ ਦੀ ਲੋੜ ਹੈ ਜੋ ਕਿਸੇ ਵੀ ਪਾਰਟੀ ਦੇ ਅੰਨ੍ਹੇ ਪੈਰੋਕਾਰ ਨਾ ਹੋਣ ' ਹਰ ਪਾਰਟੀ ਸਾਡੀ ਹੈ ਪਰ ਫਿਰ ਵੀ ਕੋਈ ਪਾਰਟੀ ਸਾਡੀ ਨਹੀਂ ਹੈ।

## ਸੈਲ਼ਫ ਡਿਪੋਰਟ ਪ੍ਰਵਾਸੀਆਂ ਦਾ ਪਹਿਲਾ ਜਹਾਜ਼ ਅਮਰੀਕਾ ਤੋਂ ਰਵਾਨਾ

ਹਿਊਸਟਨ: ਇਕ-ਇਕ ਹਜ਼ਾਰ ਡਾਲਰ ਦੇ ਡੈਬਿਟ ਕਾਰਡ ਲੈ ਕੇ 64 ਪ੍ਰਵਾਸੀਆਂ ਦਾ ਪਹਿਲਾ ਗਰੁੱਪ 19 ਜਨਵਰੀ ਸੋਮਵਾਰ ਨੂੰ ਸੈਲ਼ਫ ਡਿਪੋਰਟ ਹੋ ਗਿਆ। ਟੈਕਸਸ ਦੇ ਹਿਊਸਟਨ ਹਵਾਈ ਅੱਡੇ ਤੋਂ ਰਵਾਨਾ ਹੋਏ ਜਹਾਜ਼ ਦੀ ਵੀਡੀਓ ਟਰੰਪ ਸਰਕਾਰ ਵੱਲੋਂ ਸਾਂਝੀ ਕੀਤੀ ਗਈ ਹੈ। ਸੈਲ਼ਫ ਡਿਪੋਰਟ ਹੋਏ ਪ੍ਰਵਾਸੀਆਂ ਵਿਚ 19 ਬੱਚੇ ਵੀ ਸ਼ਾਮਲ ਸਨ ਜਿਨ੍ਹਾਂ ਨੂੰ ਭਵਿੱਖ ਵਿਚ ਕਿਸੇ ਦਿਨ ਅਮਰੀਕਾ ਆਉਣ ਦੀ ਇਜਾਜ਼ਤ ਦਿਤੇ ਜਾਣ ਦਾ ਲਾਰਾ ਵੀ ਲਾਇਆ ਗਿਆ ਹੈ। ਚਾਰ ਬੱਚੇ ਅਜਿਹੇ ਵੀ ਸਨ ਜਿਨ੍ਹਾਂ ਦਾ ਜਨਮ ਅਮਰੀਕਾ ਵਿਚ ਹੋਇਆ ਅਤੇ ਉਨ੍ਹਾਂ ਨੂੰ ਸਿਟੀਜ਼ਨਸ਼ਿਪ ਮਿਲ ਚੁੱਕੀ ਹੈ ਪਰ ਮਾਪਿਆਂ ਨੇ ਆਪਣੇ ਦਿਲ ਦੇ ਟੁਕੜਿਆਂ ਨੂੰ ਇਕੱਲਾ ਨਾ ਛੱਡਣ ਦਾ ਫੈਸਲਾ ਲਿਆ।

# ਆਰਐੱਸਐੱਸ ਤੇ ਮੁਸਲਮਾਨ ਸਮੁੰਦਰ ਦੇ 2 ਕਿਨਾਰੇ ਹਨ, ਜੋ ਕਦੇ ਨਹੀਂ ਮਿਲ ਸਕਦੇ

ਹੈਦਰਾਬਾਦ:-ਆਲ ਇੰਡੀਆ ਮਜਲਿਸ-ਏ-ਇਤੇਹਾਦੁਲ ਮੁਸਲਮਾਨ ਦੇ ਨੇਤਾ (ਏਆਈਐੱਮਆਈਐੱਮ) ਅਸਦੁਦੀਨ ਓਵੈਸੀ ਨੇ ਮੁਸਲਮਾਨਾਂ ਦੇ ਪ੍ਰੀ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐੱਸਐੱਸ) ਮੁਖੀ ਮੋਹਨ ਭਾਗਵਤ ਦੇ ਬਿਆਨਾਂ ਨੂੰ 'ਬੇਤੁਕਾ ਦੱਸਦੇ ਹੋਏ ਖਾਰਜ ਦਿੱਤਾ ਅਤੇ ਕਿਹਾ ਕਿ ਆਰ.ਐੱਸ.ਐੱਸ. ਅਤੇ ਮੁਸਲਮਾਨ ਸਮੁੰਦਰ ਦੇ 2 ਕਿਨਾਰੇ ਹਨ ਜੋ ਕਦੇ ਨਹੀਂ ਮਿਲ ਸਕਦੇ ਓਵੈਸੀ ਨੇ ਇਹ ਵੀ ਕਿਹਾ ਕਿ ਆਰ.ਐੱਸ.ਐੱਸ ਭਾਰਤ ਦੀ ਵਿਭਿੰਨਤਾ ਨੂੰ ਨਸ਼ਟ ਕਰਨਾ ਚਾਹੁੰਦਾ ਹੈ । ਉਨਾਂ ਨੇ ਕਿਹਾ ਤੁਸੀਂ ਭਾਵੇਂ ਹੀ ਨਜ਼ਦੀਕੀ ਦੱਸਣ ਵਾਲੀਆਂ ਗੱਲਾਂ ਕਰ ਰਹੇ ਹੋ ਪਰ ਇਹ ਤੁਹਾਡੇ ਹੀ ਲੋਕ ਹਨ ਜੋ ਇਹ (ਮੁਸਲਿਮ ਵਿਰੋਧੀ) ਤਮਾਸ਼ਾ ਕਰ ਰਹੇ ਹਨ ਜੇਕਰ ਤੁਹਾਨੂੰ ਲੱਗਦਾ ਹੈ ਕਿ ਉਹ ਗਲਤ ਹਨ ਤਾਂ ਤੁਸੀਂ ਉਨ੍ਹਾਂ ਨੂੰ ਕਿਉਂ ਨਹੀਂ ਰੋਕ ਰਹੇ।ਓਵੈਸੀ ਤੋਂ ਭਾਗਵਤ ਦੀ ਇਸ ਟਿੱਪਣੀ ਤੇ ਪ੍ਰਤੀਕਿਰਿਆ ਮੰਗੀ ਗਈ ਸੀ ਕਿ ਹਿੰਦੂਆਂ ਅਤੇ ਮੁਸਲਮਾਨਾਂ ਦਾ 'ਡੀਐੱਨਏ ਇਕ ਹੈ ਅਤੇ ਹਰ ਮਸਜਿਦ ਦੇ ਹੇਠਾਂ ਸ਼ਿਵਲਿੰਗ ਨਹੀਂ ਲੱਭਣਾ ਚਾਹੀਦਾ।


Punjab TRAVELS




ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।



ਜੀਵਨ ਸਿੰਘ ਮੋਗਾ

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

Ph : 604-825-3075, 604-744-4400
2642 Cedar Park Abbotsford, British Columbia V2T 3S5



SAVVY
iccrc crcic Immigration Services Inc.
ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ
*Temporary Visa *Student Visa
*Work Permit *Permanent Immigration
*Humanitarian & Compassionate Cases
Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday





SekCheck FINGERPRINTING SERVICES
*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver
Ph:604-628-4446, 778-536-1188
#255-13711-72Ave Surrey, BC



CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਭਾਰਤ-ਪਾਕਿ ਸਬੰਧ:'ਚੰਦਰੇ' ਬੰਦੇ ਨੇ ਕੰਮ ਚੰਗਾ ਕੀਤਾ

## ਜੇ ਹੋਰਾਂ ਦੇਸ਼ਾਂ ਤੋਂ ਖਰੀਦੇ ਡਰੋਨ ਇੱਕ-ਦੂਜੇ ਵੱਲ ਭੇਜ ਸਕਦੇ ਹੋ ਤਾਂ ਆਲੂ ਪਿਆਜ਼ ਭੇਜਣ ਨਾਲ ਸਾਡੀ ਦੁਸ਼ਮਣੀ ਕਿੰਨੀ ਕੁ ਵੱਧ ਜਾਵੇਗੀ?

ਹਿੰਦੁਸਤਾਨ ਅਤੇ ਪਾਕਿਸਤਾਨ ਵਿੱਚ ਮਿਲਾ ਕੇ ਕੋਈ ਪੌਣੇ ਦੋ ਅਰਬ ਖ਼ਲਕਤ ਵਸਦੀ ਹੈ। ਸਾਡੇ ਕੋਲ ਸ਼ਾਇਰ ਵੀ ਨੇ, ਸਿਆਸਤਦਾਨ ਵੀ, ਸੇਠ ਵੀ, ਫੌਜੀ ਵੀ ਤੇ ਮੇਰੇ ਵਰਗੇ ਵੇਲ੍ਹੇ ਮੌਸਮੀ ਦਫਾਈ ਵਿਸ਼ਲੇਸ਼ਕ ਵੀ।ਹਥਿਆਰ ਭਾਵੇਂ ਅਸੀਂ ਫਰਾਂਸ ਕੋਲੋਂ ਖਰੀਦੀਏ ਜਾਂ ਚੀਨ ਕੋਲੋਂ, ਚਲਾਈਦੇ ਆਪ ਹੀ ਹਨ। ਇਸ ਦਫ਼ਾ ਜਦੋਂ ਮਿਜ਼ਾਈਲ ਤੇ ਡਰੋਨ ਉੱਡੇ ਤੇ ਉਹ ਜਾ ਕੇ ਵੱਜੇ ਮੁਰੀਦਕੇ, ਊਧਮਪੁਰ, ਬਾਹਵਲਪੁਰ, ਅੰਮ੍ਰਿਤਸਰ, ਅਜਿਹੀਆਂ ਥਾਵਾਂ ਜਿਨ੍ਹਾਂ ਦੇ ਨਾਮ ਜਾਂ ਤਾਂ ਅਸੀਂ ਨਕਸ਼ਿਆਂ ਵਿੱਚ ਵੇਖੇ ਹਨ ਜਾਂ ਜਿਨ੍ਹਾਂ ਨੂੰ ਯਾਦ ਕਰ ਕੇ ਸਾਡੇ ਵੱਡੇ ਰੌਂਦੇ ਹੁੰਦੇ ਸਨ।ਜਦੋਂ ਧਮਕੀਆਂ ਲਾ ਕੇ, ਤਰਾਨੇ ਵਜਾ ਕੇ ਅਸੀਂ ਇਹ ਹਥਿਆਰ ਵਰਤਣੇ ਸ਼ੁਰੂ ਕੀਤੇ ਤੇ ਕਿਸੇ ਨੂੰ ਕੋਈ ਪਤਾ ਨਹੀਂ ਸੀ ਕਿ ਅਸੀਂ ਹੁਣ ਰੁਕਣਾ ਕਿੱਥੇ ਹੈ। ਪਰ ਫਿਰ ਅਸੀਂ ਰੁੱਕ ਗਏ।ਪਰ ਸੀਜ਼ਫਾਇਰ ਦਾ ਐਲਾਨ ਨਾ 'ਦਿੱਲੀ' ਤੋਂ ਹੋਇਆ ਨਾ 'ਇਸਲਾਮਾਬਾਦ' ਤੋਂ, ਐਲਾਨ ਹੋਇਆ ਡੀਸੀ ਵਾਸ਼ਿੰਗਟਨ ਤੋਂ... ਜਿੱਥੇ ਬੈਠੇ ਟਰੰਪ ਨੇ ਕਿਹਾ ਕਿ ਮੇਰੀ ਦੋਵਾਂ ਮੁਲਕਾਂ ਦੇ ਲੀਡਰਾਂ ਨਾਲ ਗੱਲ ਹੋ ਗਈ ਹੈ ਤੇ ਉਹ ਫੌਰੀ ਸੀਜ਼ਫਾਇਰ ਲਈ ਤਿਆਰ ਹੋ ਗਏ ਹਨ। ਇਨ੍ਹਾਂ ਨੇ ਸਿਆਣਾਂ ਕੰਮ ਕੀਤਾ ਹੈ, ਇਨ੍ਹਾਂ ਨੂੰ ਮੁਬਾਰਕ ਹੋਵੇ।ਦੋਵਾਂ ਮੁਲਕਾਂ ਦੀਆਂ ਹਕੂਮਤਾਂ ਨੇ ਵੀ ਟਰੰਪ ਦਾ ਸ਼ੁਕਰੀਆ ਅਦਾ ਕੀਤਾ। ਸਾਡੇ ਵਰਗੇ ਜਿਹੜੇ




ਬਾਹਰੋਂ ਨਾਅਰੇ ਮਾਰਦੇ ਸਨ ਪਰ ਅੰਦਰੋਂ ਜੰਗ ਤੋਂ ਡਰੇ ਸਨ ਅਤੇ ਜਿਨ੍ਹਾਂ ਨੂੰ ਟਰੰਪ ਪਸੰਦ ਵੀ ਨਹੀਂ ਸੀ ਉਨ੍ਹਾਂ ਨੇ ਵੀ ਕਿਹਾ ਕਿ ਇਸ 'ਚੰਦਰੇ' ਬੰਦੇ ਨੇ ਕੋਈ ਚੰਗਾ ਕੰਮ ਕੀਤਾ ਹੈ।ਚੰਗੀ ਗੱਲ ਕੋਈ ਓਛਾ ਬੰਦਾ ਵੀ ਕਰੇ ਤਾਂ ਉਸ ਦੀ ਮੰਨ ਲੈਣੀ ਚਾਹੀਦੀ ਹੈ। ਪਰ ਸਾਨੂੰ ਇਹ ਬੇਇਜ਼ਤੀ ਬਿਲਕੁਲ ਮਹਿਸੂਸ ਨਹੀਂ ਹੋਈ ਕਿ ਸਾਡੇ ਪੌਣੇ ਦੋ ਅਰਬ ਬੰਦਿਆਂ ਵਿੱਚ ਕੋਈ ਦੋ ਲੋਕ ਅਜਿਹੇ ਸਿਆਣੇ ਨਹੀਂ ਸਨ, ਜਿਹੜੇ ਆਪਸ ਦਾ ਝਗੜਾ ਆਪਸ ਵਿੱਚ ਮੁਕਾ ਲੈਂਦੇ।ਨਾਲ ਹੀ ਇਹ ਵੀ ਖ਼ਿਆਲ ਆਇਆ ਕਿ ਟਰੰਪ ਕੋਲ ਅਜਿਹੀ ਕਿਹੜੀ ਗਿੱਦੜਸਿੰਘੀ ਹੈ ਕਿ ਦੋਵਾਂ ਮੁਲਕਾਂ ਦੇ ਲੀਡਰ ਤੁਰੰਤ ਮੰਨ ਗਏ।ਪੁੱਛਣ ਦੀ ਲੋੜ ਨਹੀਂ ਪਈ ਕਿਉਂਕਿ ਟਰੰਪ ਕੋਲੋਂ ਰਿਹਾ ਨਹੀਂ ਜਾਂਦਾ ਉਸ ਨੇ ਆਪੇ ਹੀ ਦੱਸ ਦਿੱਤਾ ਕਿ ਮੈਂ ਦੋਵਾਂ ਮੁਲਕਾਂ ਦੇ ਲੀਡਰਾਂ ਨੂੰ ਇਹ ਧਮਕੀ ਲਗਾਈ ਸੀ ਕਿ ਜੇ ਤੁਸੀਂ ਇਸ ਲੜਾਈ ਝਗੜੇ ਤੋਂ ਫੌਰੀ ਤੌਰ ਤੇ ਬਾਜ਼ ਨਾ ਆਏ ਤਾਂ ਅਮਰੀਕਾ ਨੇ ਤੁਹਾਡੇ ਨਾਲ ਕਾਰੋਬਾਰ ਬੰਦ ਕਰ ਦੇਣਾ ਹੈ।ਧੰਦਾ ਬੰਦ ਕਰਨ ਦੀ ਧਮਕੀ ਸੁਣ ਕੇ ਦੋਵਾਂ ਮੁਲਕਾਂ ਦੇ ਲੀਡਰ ਸੀਜ਼ਫਾਇਰ ਕਰਨ ਲਈ ਰਾਜ਼ੀ ਹੋ ਗਏ।ਹੁਣ ਅਸੀਂ ਬਚਪਨ ਤੋਂ ਸੁਣਦੇ ਆਏ ਹਾਂ ਕਿ ਡੰਡਾ ਪੀਰ ਵਿਗੜੇ-ਧਿਗੜਿਆਂ ਦਾ ਪਰ ਹੁਣ ਆ ਕੇ ਪਤਾ ਲੱਗਾ ਕਿ ਧੰਦਾ ਹੀ ਸਭ ਤੋਂ ਵੱਡਾ ਡੰਡਾ ਹੈ।ਜੇ ਵਾਕਈ ਸੱਤ ਸਮੁੰਦਰ ਪਾਰ ਬੈਠੇ ਅਮਰੀਕਾ ਨਾਲ ਧੰਦਾ ਬੰਦ ਹੋਣ ਦਾ ਐਡਾ ਡਰ ਹੈ ਕਿ ਤਾਂ ਤੁਹਾਡੇ ਤਾਂ ਬਾਰਡਰ ਜੁੜੇ ਹਨ ਤੁਸੀਂ ਆਪਸ ਵਿੱਚ ਵੀ ਧੰਦੇ ਬਾਰੇ ਸੋਚ ਲਓ।

ਕਰਨਾ ਨਾ, ਪਰ ਸੋਚ ਤਾਂ ਲਓ। ਜੇ ਹੋਰਾਂ ਦੇਸ਼ਾਂ ਤੋਂ ਖਰੀਦੇ ਡਰੋਨ ਇੱਕ-ਦੂਜੇ ਵੱਲ ਭੇਜ ਸਕਦੇ ਹੋ ਤਾਂ ਆਲੂ ਪਿਆਜ਼ ਭੇਜਣ ਨਾਲ ਦੁਸ਼ਮਣੀ ਸਾਡੀ ਕਿੰਨੀ ਕੁ ਵਧ ਜਾਵੇਗੀ।ਪਰ ਸਾਨੂੰ ਵੀ ਪਤਾ ਹੈ ਕਿ ਸਾਡੀ ਜ਼ਿੰਦਗੀ ਵਿੱਚ ਨਾ ਇਹ ਵੈਰ ਮੁੱਕਿਆ ਹੈ ਤੇ ਨਾ ਹੀ ਮੁੱਕਦਾ ਦਿਸਦਾ ਹੈ। ਜਦੋਂ ਹੁਣ ਸਾਡੇ ਨਿਆਣੇ ਵੱਡੇ ਹੋ ਜਾਣਗੇ ਤਾਂ ਉਨ੍ਹਾਂ ਨੇ ਵੀ ਇਸੇ ਕੰਮ ਤੇ ਲੱਗ ਜਾਣਾ ਹੈ। ਉਦੋਂ ਤੱਕ ਸਾਡੀ ਆਬਾਦੀ ਕੋਈ ਢਾਈ ਅਰਬ ਤੱਕ ਤਾਂ ਹੋ ਹੀ ਜਾਣੀ ਹੈ।ਬੱਸ ਦੁਆ ਕਰੋ ਕਿ ਉਦੋਂ ਤੱਕ ਅਸੀਂ ਕੋਈ ਦੋ-ਚਾਰ ਅਜਿਹੇ ਸਿਆਣੇ ਧੀਆਂ-ਪੁੱਤਰ ਜੰਮ ਲਈਏ ਜਿਹੜੇ ਆਪਸ ਦੇ ਝਗੜੇ ਆਪਸ ਵਿੱਚ ਹੀ ਤੈਅ ਕਰ ਲੈਣ। ਫਿਰ ਹੱਥੀਂ ਬੰਦੂਕਾਂ ਫੜ੍ਹ ਕੇ ਟਰੰਪ ਦੀ ਫੋਨ ਕਾਲ ਦੀ ਉਡੀਕ ਵਿੱਚ ਨਾ ਬੈਠੇ ਰਹਿਣ ਕਿ ਹੁਣ ਅਸੀਂ ਲੱਗੇ ਰਹੀਏ ਜਾਂ ਸੀਜ਼ਫਾਇਰ ਕਰ ਲਈਏ।-

ਰੱਬ ਰਾਖਾ!-*ਮੁਹੰਮਦ ਹਨੀਫ਼

## ਅਮਰੀਕਾ 'ਚ ਬਿਨਾਂ ਪੁੱਛੇ ਨਹੀਂ ਸਾਂਝੀ ਹੋ ਸਕੇਗੀ ਕਿਸੇ ਦੀ ਤਸਵੀਰ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟੇਕ ਇਟ ਡਾਊਨ ਐਕਟ ਨਾਮੀਂ ਇੱਕ ਇਤਿਹਾਸਕ ਕਾਨੂੰਨ 'ਤੇ ਦਸਤਖਤ ਕੀਤੇ। ਇਸ ਕਾਨੂੰਨ ਦਾ ਉਦੇਸ਼ ਉਨ੍ਹਾਂ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਕਰਨਾ ਹੈ ਜੋ ਬਿਨਾਂ ਇਜਾਜ਼ਤ ਦੇ ਇੰਟਰਨੈੱਟ 'ਤੇ ਕਿਸੇ ਦੀਆਂ ਵੀ ਅਸ਼ਲੀਲ ਜਾਂ ਨਿੱਜੀ ਫੋਟੋਆਂ ਅਤੇ ਵੀਡੀਓ ਅਪਲੋਡ ਕਰਦੇ ਹਨ।ਇਸ ਵਿੱਚ ਖਾਸ ਤੌਰ 'ਤੇ ਡੀਪਫੇਕ ਅਤੇ ਰਿਵੈਂਜ ਪੋਰਨ ਵਰਗੇ ਮਾਮਲਿਆਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਇਸ ਮੌਕੇ ਰਾਸ਼ਟਰਪਤੀ ਟਰੰਪ ਦੇ ਨਾਲ ਉਨ੍ਹਾਂ ਦੀ ਪਤਨੀ ਅਤੇ ਅਮਰੀਕਾ ਦੀ ਪਹਿਲੀ ਮਹਿਲਾ ਮੇਲਾਨੀਆ ਟਰੰਪ ਵੀ ਸੀ।ਦੱਸਿਆ ਜਾ ਰਿਹਾ ਹੈ ਕਿ ਇਸ ਕਾਨੂੰਨ ਨੂੰ ਪਾਸ ਕਰਵਾਉਣ ਵਿੱਚ ਮੇਲਾਨੀਆ ਨੇ ਅਹਿਮ ਭੂਮਿਕਾ ਨਿਭਾਈ ਹੈ। ਮੇਲਾਨੀਆ ਨੇ ਮਾਰਚ ਵਿੱਚ ਪਹਿਲੀ ਵਾਰ ਜਨਤਕ ਤੌਰ 'ਤੇ ਸਾਹਮਣੇ ਆ ਕੇ ਸੰਸਦ ਮੈਂਬਰਾਂ ਨਾਲ ਇਸ ਬਿੱਲ ਬਾਰੇ ਗੱਲ ਕੀਤੀ ਅਤੇ ਇਸ ਦਾ ਸਮਰਥਨ ਮੰਗਿਆ ਸੀ।


OASIS WINDOWS LTD
OASIS WINDOWS clearly better windows
* Quality Products * Superior Service.
35+ Years in Business



Attractive, Energy Efficient And Quality Windows For Your Dream Home Or Housing Projects Or For Renovation

• VINYL WINDOWS • SLIDER DOORS
• GARDEN WINDOWS & SKYLIGHTS

ENERGY STAR
LIFE TIME Limited Warranty

FREE ESTIMATES  Financing Available (OAC)

Phone: (604) 597 - 5033
19025 52 Ave, Surrey, BC
www.oasiswindows.com

BBB
MEMBER GREATER VANCOUVER HOME BUILDERS' ASSOCIATION




# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ


11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

*23 ਮਈ ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡਪਾਠ ਸਾਹਿਬ, ਸੇਵਾ ਭਗਵੰਤ ਸਿੰਘ ਪਰਿਵਾਰ ਵੱਲੋਂ
*24 ਮਈ ਦਿਨ ਸ਼ਨਿੱਚਰਵਾਰ ਹਾਲ ਨੰ:2 ਵਿਚ ਸੁਖਮਨੀ ਸਾਹਿਬ ਦੇ ਪਾਠ ਹੋਣਗੇ:ਸੇਵਾ ਦਲਜੀਤ ਸਿੰਘ ਪਰਿਵਾਰ ਵੱਲੋਂ
*24 ਮਈ ਦਿਨ ਸ਼ਨਿੱਚਰਵਾਰ ਆਨੰਦ ਕਾਰਜ ਦੀ ਰਸਮ ਹਾਲ ਨੰ:2 ਵਿਚ ਕੁਲਵੰਤ ਸਿੰਘ ਸਿੱਧੂ ਪਰਿਵਾਰ ਵੱਲੋਂ
*24 ਮਈ ਦਿਨ ਸ਼ਨਿੱਚਰਵਾਰ ਸ਼ਾਮ ਸਮੇਂ ਪਾਠ ਸੁਖਮਨੀ ਸਾਹਿਬ ਸੇਵਾ ਅੱਛਰ ਸਿੰਘ ਚਾਹਲ ਪਰਿਵਾਰ ਵੱਲੋਂ
*25 ਮਈ ਦਿਨ ਐਤਵਾਰ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ।ਉਪਰੰਤ ਹਫਤਾਵਾਰੀ ਦੀਵਾਨ ਸਜਣਗੇ।
*25 ਮਈ ਦਿਨ ਐਤਵਾਰ ਹਾਲ ਨੰ:2 ਵਿਚ ਅਮਰਜੀਤ ਸਿੰਘ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ।
*26 ਮਈ ਦਿਨ ਸੋਮਵਾਰ ਪਾਠ ਸ੍ਰੀ ਸੁਖਮਨੀ ਸਾਹਿਬ ਹਰਮਿੰਦਰ ਸਿੰਘ ਪਰਿਵਾਰ ਵੱਲੋਂ
28 ਮਈ ਦਿਨ ਬੁੱਧਵਾਰ ਸ਼ਾਮ 6 ਤੋਂ 9 ਵਜੇ ਤੱਕ ਯੂਥ ਦਲ ਵੱਲੋਂ ਕੀਰਤਨ ਦਰਬਾਰ ਹੋਵੇਗਾ ਜਿਸ ਵਿਚ ਭਾਈ ਨਰੰਜਨ ਸਿੰਘ ਜਵੱਦੀ ਕਲਾਂ ਵਾਲੇ ਹਾਜਰੀ ਭਰਨਗੇ ਸੰਗਤਾਂ ਨੂੰ ਬੇਨਤੀ ਹੈ ਕਿ ਸਮੇਂ ਸਿਰ ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ।





ਰਾਗੀ ਜੱਥਾ
ਭਾਈ ਗੁਰਧਿਆਨ ਸਿੰਘ
ਸੰਗਰੂਰ ਵਾਲੇ

ਕਥਾਵਾਚਕ
ਗਿਆਨੀ ਮਨਜੀਤ ਸਿੰਘ
ਮਸਤਾਨਾ

ਤਬਲਾ ਸਿੱਖਣ ਲਈ ਸੰਪਰਕ ਕਰੋ:
604-413-7171

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007

## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਸਿੱਖਾਂ ਨੂੰ ਵਿਸ਼ਵ ਵਿਆਪੀ ਮਾਨਵਤਾਵਾਦੀ ਯਤਨਾਂ ਵਿੱਚ ਵਧੇਰੇ ਸ਼ਾਮਲ ਹੋਣ ਦੀ ਸਖ਼ਤ ਲੋੜ:ਢੇਸੀ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਯੂਕੇ ਦੇ ਪਹਿਲੇ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਵਲੋਂ ਬੀਤੇ ਕੁਝ ਦਿਨ ਪਹਿਲਾਂ ਸਾਬਕਾ ਕੈਨੇਡੀਅਨ ਰੱਖਿਆ ਮੰਤਰੀ ਹਰਜੀਤ ਸੱਜਣ, ਮਾਨਵਤਾਵਾਦੀ ਰਵੀ ਸਿੰਘ ਨਾਲ ਮੁਲਾਕਾਤ ਕੀਤੀ ਗਈ ਤੇ ਇਸ ਮੌਕੇ ਉਨ੍ਹਾਂ ਵਲੋਂ ਸਿੱਖਾਂ ਦੇ ਵੱਖ ਵੱਖ ਮੁੱਦਿਆਂ ਦੇ ਨਾਲ ਸੰਸਾਰਿਕ ਮੁਦਿਆਂ ਤੇ ਵੀਂ ਚਰਚਾ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਸੰਸਦ ਵਿੱਚ ਦੋ ਪਿਆਰੇ ਦੋਸਤਾਂ ਦੀ ਮੇਜ਼ਬਾਨੀ ਕਰਕੇ ਜਿੱਥੇ ਮੈਨੂੰ ਖੁਸ਼ੀ ਹੋਈ ਕਿ ਜਿਨ੍ਹਾਂ ਨੇ ਆਪਣੇ ਦੇਸ਼, ਸਿੱਖ ਭਾਈਚਾਰੇ ਅਤੇ ਵਿਸ਼ਾਲ ਮਨੁੱਖਤਾ ਲਈ ਵੱਡਾ ਯੋਗਦਾਨ ਪਾਉਣ ਲਈ ਅਣਥੱਕ ਮਿਹਨਤ ਕੀਤੀ ਹੈ ਉਨ੍ਹਾਂ ਨਾਲ ਤਕਰੀਬਨ ਇਕ ਘੰਟਾ ਗੁਜਾਰਨ ਦਾ ਮੌਕਾ ਮਿਲਿਆ ਸੀ । ਉਨ੍ਹਾਂ ਦਸਿਆ ਕਿ ਸਾਬਕਾ ਕੈਨੇਡੀਅਨ ਰੱਖਿਆ ਮੰਤਰੀ ਹਰਜੀਤ ਸੱਜਣ, ਮਾਨਵਤਾਵਾਦੀ ਰਵੀ ਸਿੰਘ ਨਾਲ ਇੱਕ ਘੰਟਾ ਤਜ਼ਰਬਿਆਂ ਦਾ ਆਦਾਨ-ਪ੍ਰਦਾਨ ਕਰਨ ਅਤੇ ਦੁਨੀਆ ਨੂੰ ਹੱਕਾਂ ਲਈ ਪ੍ਰੇਰਿਤ ਕਰਨ ਵਿੱਚ ਬਿਤਾਇਆ। ਕੈਨੇਡਾ, ਯੂਕੇ ਦੀ ਰਾਜਨੀਤੀ ਦੇ ਨਾਲ ਵਿਸ਼ਵ ਪੱਧਰ ‘ਤੇ ਸਿੱਖ ਭਾਈਚਾਰੇ ਦੇ ਅੰਦਰ ਹੋਈਆਂ ਤਰੱਕੀਆਂ ‘ਤੇ ਚਰਚਾ ਕੀਤੀ ਗਈ ਅਤੇ ਇਸ ਲਈ ਹੋਰ ਕਿਹੜੇ ਕਦਮ ਚੁੱਕੇ ਜਾ ਰਹੇ ਹਨ ਬਾਰੇ ਵਿਚਾਰਾਂ ਕੀਤੀਆਂ ਗਈਆਂ ਸਨ।

ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤਾਂ ਨੂੰ ਦੇਖਦਿਆਂ ਸਿੱਖਾਂ ਨੂੰ ਵਿਸ਼ਵਵਿਆਪੀ ਮਾਨਵਤਾਵਾਦੀ ਯਤਨਾਂ ਵਿੱਚ ਵਧੇਰੇ ਸ਼ਾਮਲ ਹੋਣ ਦੀ ਸਖ਼ਤ ਲੋੜ ਹੈ।

# ਭਾਰਤ ਧਰਮਸ਼ਾਲਾ ਨਹੀਂ:ਸੁਪਰੀਮ ਕੋਰਟ

## ਭਾਰਤ ਵਿੱਚ ਵੱਸਣ ਦਾ ਬੁਨਿਆਦੀ ਹੱਕ ਸਿਰਫ਼ ਉਸ ਦੇ ਨਾਗਰਿਕਾਂ ਲਈ

ਨਵੀਂ ਦਿੱਲੀ:-ਸੁਪਰੀਮ ਕੋਰਟ ਨੇ ਕਿਹਾ ਕਿ ਦੇਸ਼ ਕੋਈ ਧਰਮਸ਼ਾਲਾ ਜਾਂ ਜਨਤਕ ਸ਼ਰਨਾਰਥੀ ਕੈਂਪ ਨਹੀਂ ਹੈ, ਜਿੱਥੇ ਦੁਨੀਆ ਭਰ ਦੇ ਵਿਦੇਸ਼ੀ ਨਾਗਰਿਕਾਂ ਨੂੰ ਰੱਖਿਆ ਜਾ ਸਕੇ। ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਕੇ ਵਿਨੋਦ ਚੰਦਰਨ ਦਾ ਬੈਂਚ ਮਦਰਾਸ ਹਾਈ ਕੋਰਟ ਦੇ ਇਕ ਆਦੇਸ਼ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ’ਤੇ ਸੁਣਵਾਈ ਕਰ ਰਿਹਾ ਸੀ, ਜਿਸ ਵਿੱਚ ਪਟੀਸ਼ਨਰ ਜੋ ਕਿ ਇਕ ਸ੍ਰੀਲੰਕਾ ਦਾ ਨਾਗਰਿਕ ਹੈ, ਨੂੰ ਗੈਰਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂਏਪੀਏ) ਮਾਮਲੇ ਵਿੱਚ ਸੱਤ ਸਾਲਾਂ ਦੀ ਸਜ਼ਾ ਪੂਰੀ ਕਰਨ ਤੋਂ ਬਾਅਦ ਦੇਸ਼ ਛੱਡਣ ਦਾ ਨਿਰਦੇਸ਼ ਦਿੱਤਾ ਗਿਆ ਸੀ। ਬੈਂਚ ਨੇ ਕਿਹਾ, ‘‘ਕੀ ਭਾਰਤ ਦੁਨੀਆ ਭਰ ਦੇ ਸ਼ਰਨਾਰਥੀਆਂ ਦੀ ਮੇਜ਼ਬਾਨੀ ਕਰੇਗਾ? ਅਸੀਂ 140 ਕਰੋੜ ਲੋਕਾਂ ਦੇ ਨਾਲ ਸੰਘਰਸ਼ ਕਰ ਰਹੇ ਹਾਂ...ਇਹ ਕੋਈ ਧਰਮਸ਼ਾਲਾ ਨਹੀਂ ਹੈ ਕਿ ਅਸੀਂ ਦੁਨੀਆ ਭਰ ਦੇ ਵਿਦੇਸ਼ੀ ਨਾਗਰਿਕਾਂ ਦਾ ਸਵਾਗਤ ਕਰ ਸਕੀਏ।’’

ਪਟੀਸ਼ਨਰ ਦੇ ਵਕੀਲ ਨੇ ਕਿਹਾ ਕਿ ਉਸ ਦੇ ਮੁਵੱਕਿਲ ਨੂੰ ਉਸ ਦੇ ਦੇਸ਼ ਵਿੱਚ ਗ੍ਰਿਫ਼ਤਾਰੀ ਦੀਆਂ ਧਮਕੀਆਂ ਅਤੇ ਤਸ਼ੱਦਦ ਝੱਲਣਾ ਪੈ ਰਿਹਾ ਹੈ।


GOLDEN STAR PAINTING

ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ



Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ

ਭੁਪਿੰਦਰ ਸਿੰਘ ਗਿੱਲ:604-897-5750



THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
- We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



TMG LOGISTICS INC.

Need Owner Operators

*Vancouver to California *California to Alberta Back Vancouver
*Vancouver to East USA Return

NOW HIRING

Good Paying Loads



Need Company Drivers
*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਕੀ ਬਾਬਾ ਧੁੰਮਾ ਜਾਣ ਬੁੱਝ ਕੇ ਸਿੱਖਾਂ ਦਾ ਹਿੰਦੂਕਰਨ ਕਰ ਰਿਹੈ?

## ਦਰਬਾਰ ਸਾਹਿਬ ਵਿਖੇ ਦਮਦਮੀ ਟਕਸਾਲ ਵੱਲੋਂ ਬਣਾਏ ‘ਮੰਦਰਨਮਾ ਮੀਨਾਰ’ ਹਟਾਏ

ਅੰਮ੍ਰਿਤਸਰ- ਦਮਦਮੀ ਟਕਾਸਲਾ ਦਾ ਮੁਖੀ ਕਹਾਉਂਣ ਵਾਲੇ ਬਾਬਾ ਹਰਨਾਮ ਸਿੰਘ ਧੁੰਮਾਂ ਉਪਰ ਕੁੰਭ ਇਸ਼ਨਾਨ ਕਰਨ ਦੀਆਂ ਖਬਰਾਂ ਲੋਕਾ ਦੇ ਮੂੰਹਾਂ ਤੇ ਸਨ ਹੁਣ ਉਨਾ ਵੱਲੋਂ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਸ਼ਹੀਦ ਬਾਬਾ ਦੀਪ ਸਿੰਘ ਦੇ ਅਸਥਾਨ ਨੂੰ ਮੰਦਰ ਦਾ ਰੂਪ ਦੇਣ ਦੀ ਕੋਸ਼ਿਸ ਚਰਚਾ ਵਿੱਚ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਦੇ ਅਹਾਤੇ ਵਿੱਚ ਸ਼ਹੀਦ ਬਾਬਾ ਦੀਪ ਸਿੰਘ ਦੀ ਸ਼ਹੀਦੀ ਸਥਾਨ ’ਤੇ ਦਮਦਮੀ ਟਕਸਾਲ ਵੱਲੋਂ ਲਗਾਏ ਗਏ ‘ਘਗੁੰਮਟੀਆਂ’ ਮੀਨਾਰਾਂ’ ਨੂੰ ਹਟਾ ਦਿੱਤਾ ਹੈ ਜੋ ਕਿ ਦਰਬਾਰ ਸਾਹਿਬ ਵਿੱਵ ਮੰਦਰ ਦਾ ਭੁਲੇਖਾ ਪਾਉਂਦੀਆਂ ਸਨ। ਇਹ ਬਾਬਾ ਦੀਪ ਸਿੰਘ ਦੇ ਇਸ ਅਸਥਾਨ ਦੀ ਸਿੱਖ ਸੰਸਥਾ ਦਮਦਮੀ ਟਕਸਾਲ ਨੇ ਮੁਰੰਮਤ ਅਤੇ ਸੁੰਦਰੀਕਰਨ ਦੇ ਨਾਮ ਤੇ ਸੇਵਾ ਸ਼ੁਰੂ ਕੀਤੀ ਸੀ।ਦਾ ਇੰਡੀਅਨ ਐਕਸਪ੍ਰੈਸ ਅਨੁਸਾਰ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਨੇ ਦੱਸਿਆ ਕਿ ਇਹ ਮੀਨਾਰ ਸਿੱਖ ਇਮਾਰਤੀ ਢਾਂਚੇ ਤੇ ਵਿਰਾਸਤ ਨਾਲ ਮੇਲ ਨਹੀਂ ਖਾਂਦੇ ਸਨ, ਇਸ ਲਈ ਇਨ੍ਹਾਂ ਨੂੰ ਹਟਾਇਆ ਗਿਆ।1 ਨਵੰਬਰ 2024 ਨੂੰ ਸ੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸ਼ਹੀਦ ਬਾਬਾ ਦੀਪ ਸਿੰਘ ਦੀ ਸ਼ਹੀਦੀ ਸਥਾਨ ਨੂੰ ਮੁਰੰਮਤ ਅਤੇ ਸੁੰਦਰੀਕਰਨ ਲਈ ਇੱਕ ਸਾਲ ਦੇ ਲਈ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਨੂੰ ਸੌਂਪਿਆ ਸੀ।ਧਾਮੀ ਨੇ ਕਿਹਾ ਸੀ ਕਿ



ਇਸ ਸਥਾਨ ਨੂੰ ਇਸ ਦੇ ਮੂਲ ਰੂਪ ਵਿੱਚ ਸੰਭਾਲਿਆ ਜਾਵੇਗਾ।ਦਮਦਮੀ ਟਕਸਾਲ ਨੇ ਇਸ ਮੁਰੰਮਤ ਲਈ ਸ੍ਰੀ ਦਰਬਾਰ ਸਾਹਿਬ ਦੇ ਅਹਾਤੇ ਵਿੱਚ ਦਾਨ ਵੀ ਇਕੱਠਾ ਕੀਤਾ ਸੀ। ਸਿੱਖ ਲੇਖਕ ਜਗਤਾਰਜੀਤ ਸਿੰਘ ਨੇ ਕਿਹਾ ਕਿ ਇਹ ਮੀਨਾਰ, ਜੋ ਅਕਸਰ ਮੰਦਰਾਂ ਵਿੱਚ ਵਰਤੇ ਜਾਂਦੇ ਹਨ।ਉਹ ਬਾਬਾ ਹਰਨਾਮ ਸਿੰਘ ਨੇ ਲਵਾਏ ਜੋ ਸ੍ਰੀ ਦਰਬਾਰ ਸਾਹਿਬ ਦੀ ਸਿੱਖ ਆਰਕੀਟੈਕਚਰ ਨਾਲ ਮੇਲ ਨਹੀਂ ਖਾਂਦੇ।ਦਮਦਮੀ ਟਕਸਾਲ ਨੇ ਇਸ ਮੁੱਦੇ ’ਤੇ ਸਿੱਧਾ ਜਵਾਬ ਨਹੀਂ ਦਿੱਤਾ, ਪਰ ਸੂਤਰਾਂ ਮੁਤਾਬਕ, ਉਹ ਇਸ ਫੈਸਲੇ ਤੋਂ ਨਾਖੁਸ਼ ਹਨ। ਇਹ ਘਟਨਾ ਸ਼੍ਰੋਮਣੀ ਕਮੇਟੀ ਅਤੇ ਦਮਦਮੀ ਟਕਸਾਲ ਦੇ ਸਬੰਧਾਂ ਵਿੱਚ ਇੱਕ ਨਵਾਂ ਤਣਾਅ ਲਿਆ ਸਕਦੀ ਹੈ।ਸ਼੍ਰੋਮਣੀ ਕਮੇਟੀ ਨੇ ਸਿੱਖ ਮਰਯਾਦਾ ਅਤੇ ਰਵਾਇਤਾਂ ਦੀ ਰਾਖੀ ਲਈ ਇਹ ਫੈਸਲਾ ਲਿਆ, ਪਰ ਇਸ ਦੇ ਦੂਰਗਾਮੀ ਪ੍ਰਭਾਵ ਅਜੇ ਵੇਖਣੇ ਬਾਕੀ ਹਨ।ਪਰ ਸਿੱਖ ਸੰਗਤਾਂ ਵਿੱਚ ਸਵਾਲ ਹੈ ਕੀ ਬਾਬਾ ਹਰਨਾਮ ਸਿੰਘ ਧੁੰਮਾਂ ਜਾਣਬੁੱਝ ਕੇ ਅਜਿਹਾ ਕਰ ਰਿਹੈ ਜਾਂ ਬੇ ਸਮਝੀ ਹੈ।

## ਅਮਰੀਕਾ ਨੇ ਭਾਰਤ ਦੀਆਂ .ਗੈਰਕਾਨੂੰਨੀ ਇੰਮੀਗ੍ਰੇਸ਼ਨ ਏਜੰਸੀਆਂ ’ਤੇ ਸ਼ਿਕੰਜਾ ਕੱਸਿਆ

ਵਾਸ਼ਿੰਗਟਨ:-ਸੰਯੁਕਤ ਰਾਜ ਅਮਰੀਕਾ ਨੇ ਐਲਾਨ ਕੀਤਾ ਹੈ ਕਿ ਉਹ ਅਮਰੀਕਾ ਵਿੱਚ ਗੈਰਕਾਨੂੰਨੀ ਇਮੀਗ੍ਰੇਸ਼ਨ ਦੀ ਸਹੂਲਤ ਦੇਣ ਵਾਲੀਆਂ ਭਾਰਤੀ ਟਰੈਵਲ ਏਜੰਸੀਆਂ ਵਿਰੁੱਧ ਕਾਰਵਾਈ ਕਰ ਰਿਹਾ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਟੈਮੀ ਬਰੂਸ ਨੇ ਕਿਹਾ ਕਿ ਉਨ੍ਹਾਂ ਦਾ ਵਿਭਾਗ ਭਾਰਤ ਸਥਿਤ ਟਰੈਵਲ ਏਜੰਸੀਆਂ ਦੇ ਮਾਲਕਾਂ, ਅਧਿਕਾਰੀਆਂ ਅਤੇ ਸੀਨੀਅਰ ਅਧਿਕਾਰੀਆਂ ’ਤੇ ਵੀਜ਼ਾ ਪਾਬੰਦੀਆਂ ਲਗਾਉਣ ਲਈ ਕਦਮ ਚੁੱਕ ਰਿਹਾ ਹੈ ਜੋ ਜਾਣਬੁੱਝ ਕੇ ਅਮਰੀਕਾ ਵਿਚ ਗੈਰ-ਕਾਨੂੰਨੀ ਪਰਵਾਸ ਦੀ ਸਹੂਲਤ ਦਿੰਦੇ ਹਨ।ਅਮਰੀਕਾ ਨੇ ਕਿਹਾ ਹੈ ਕਿ ਇਹ ਏਜੰਸੀਆਂ ਗੈਰਕਾਨੂੰਨੀ ਢੰਗ ਨਾਲ ਭਾਰਤ ਤੋਂ ਕਈ ਨੌਜਵਾਨਾਂ ਨੂੰ ਅਮਰੀਕਾ ਭੇਜਦੀਆਂ ਸਨ ਤੇ ਉਨ੍ਹਾਂ ਤੋਂ ਮੋਟੀਆਂ ਰਕਮਾਂ ਵਸੂਲਦੀਆਂ ਸਨ ਤੇ ਇਸ ਦੇ ਇਵਜ਼ ਵਿਚ ਨੌਜਵਾਨਾਂ ਦੀ ਜ਼ਿੰਦਗੀ ਨੂੰ ਖਤਰੇ ਵਿਚ ਪਾ ਕੇ ਅਮਰੀਕਾ ਭੇਜਿਆ ਜਾਂਦਾ ਸੀ। ਵਿਦੇਸ਼ ਵਿਭਾਗ ਨੇ ਕਿਹਾ ਕਿ ਉਨ੍ਹਾਂ ਦੀ ਇਮੀਗ੍ਰੇਸ਼ਨ ਨੀਤੀ ਦਾ ਉਦੇਸ਼ ਨਾ ਸਿਰਫ਼ ਵਿਦੇਸ਼ੀ ਨਾਗਰਿਕਾਂ ਨੂੰ ਸੰਯੁਕਤ ਰਾਜ ਵਿੱਚ ਗੈਰਕਾਨੂੰਨੀ ਪਰਵਾਸ ਦੇ ਖ਼ਤਰਿਆਂ ਬਾਰੇ ਸੂਚਿਤ ਕਰਨਾ ਹੈ, ਸਗੋਂ ਗੈਰਕਾਨੂੰਨੀ ਇਮੀਗ੍ਰੇਸ਼ਨ ਦੇ ਸਾਧਨਾਂ ਸਮੇਤ ਸਾਡੇ ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀਆਂ ਨੂੰ ਜਵਾਬਦੇਹ ਬਣਾਉਣਾ ਹੈ।

## ਚੀਨ ਨੇ ਭਾਰਤ ਦੇ ਇਲਾਕਿਆਂ ਤੇ ਮੁੜ ਆਪਣਾ ਹੱਕ ਜਿਤਾਇਆ

ਬੀਜਿੰਗ:-ਚੀਨ ਨੇ ‘ਮਿਆਰੀ’ ਸਥਾਨਾਂ ਦੇ ਨਾਵਾਂ ਦੀ ਨਵੀਂ ਸੂਚੀ ਦੇ ਨਾਲ ਭਾਰਤ ਦੇ ਨਾਲ ਲੱਗਦੇ ਸਰਹੱਦੀ ਦਾਅਵਿਆਂ ਨੂੰ ਮੁੜ ਦੁਹਰਾਇਆ ਹੈ।ਭਾਰਤ ਜਿਸਨੂੰ ਅਰੁਣਾਚਲ ਪ੍ਰਦੇਸ਼ ਕਹਿੰਦਾ ਹੈ ਚੀਨ ਵਿੱਚ ਇਹ ਇਲਾਕਾ ਜ਼ੰਗਨਾਨ ਵਜੋਂ ਜਾਣਿਆ ਜਾਂਦਾ ਹੈ।ਚੀਨ ਨੇ ਹੁਣ ਇਸ ਇਲਾਕੇ ਵਿੱਚ ਸਥਾਨਾਂ, ਦੇ ਨਾਮ ਚੀਨੀ ਭਾਸ਼ਾ ਅਨੁਸਾਰ ਕਰ ਦਿੱਤੇ ਹਨ।ਚੀਨ ਨੇ ਭਾਰਤ ਨਾਲ ਆਪਣੀ ਵਿਵਾਦਿਤ ਸਰਹੱਦ ਦੇ ਨੇੜੇ ਦੇ ਇਸ ਖੇਤਰ ਵਿੱਚ ਦਰਜਨਾਂ ਥਾਵਾਂ ਨਦੀਆਂ, ਪਹਾੜਾਂ, ,ਝੀਲਾਂ ਦੇ ਨਾਮ ਬਦਲ ਦਿੱਤੇ ਹਨ।ਚੀਨ ਦਾ ਦਾਅਵਾ ਹੈ ਕਿ ਜ਼ੰਗਨਾਨ ਤਿੱਬਤੀ ਖੁਦਮੁਖਤਿਆਰ ਖੇਤਰ ਦਾ ਹਿੱਸਾ ਹੈ।


A to Z DRIVING SCHOOL

ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey



PACIFIC NURSERIES

ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਵਿਕਾਊ



*Blueberry (Duke) Plants FOR SALE
*Certified Imported from USA
*Potted in One Gallon Pots
*High Quality & Healty Plants
*Limited Quantity
*Will Be Ready to Plant in September

*Cedar Hedging Plants FOR SALE
*Potted in One Gallon
*Very Healty & High Quality
*Will be Ready to Plant in September

ONLY FOR WHOLESALERS

TO BOOK YOUR ORDER CONTACT:
778-552-0305

# 2025 ਜਾਤੀ ਜਨਗਣਨਾ ਲਈ ਸ਼੍ਰੋਮਣੀ ਕਮੇਟੀ ਚੁੱਪ ਕਿਉਂ?
# ਸਿੱਖ ਸੰਸਥਾਵਾਂ ਵੱਲੋਂ ਦੱਬੇ ਕੁਚਲਿਆਂ ਫਿਰਕਿਆਂ ਨੂੰ ਸਿੱਖ ਵਜੋਂ ਪਛਾਣ ਕਰਨ ਦੀ ਅਪੀਲ

*ਬਲਵਿੰਦਰ ਪਾਲ ਸਿੰਘ ਪ੍ਰੋਫੈਸਰ

ਸਰਕਾਰ ਵੱਲੋਂ 2025 ਵਿੱਚ ਜਾਤੀ ਜਨਗਣਨਾ ਦੀ ਘੋਸ਼ਣਾ ਦੇ ਨਾਲ, ਸਿੱਖ ਸੰਸਥਾਵਾਂ ਨੇ ਖਾਸ ਤੌਰ ‘ਤੇ ਪੰਜਾਬ ਤੋਂ ਬਾਹਰ ਰਹਿਣ ਵਾਲੇ ਛੋਟੇ ਫਿਰਕਿਆਂ ਦੇ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਜਨਗਣਨਾ ਫਾਰਮਾਂ ਵਿੱਚ ਆਪਣਾ ਧਰਮ ਸਿੱਖ ਦੱਸਣ ਅਤੇ ਕਿਸੇ ਵੀ ਜਾਤੀ,ਕਬੀਲਾ ਨਾਮਕਰਣ ਤੋਂ ਬਚਣ। ਇਹ ਕਦਮ ਸਿੱਖ ਆਬਾਦੀ ਦੀ ਸਭਿਆਚਾਰਕ ਤੇ ਕੌਮੀ ਸਹੀ ਪਛਾਣ ਨੂੰ ਯਕੀਨੀ ਬਣਾਉਣ ਲਈ ਚੁੱਕਿਆ ਗਿਆ ਹੈ।

ਨਵੀਂ ਮੁੰਬਈ ਗੁਰਦੁਆਰਿਆਂ ਦੀ ਸੁਪਰੀਮ ਕੌਂਸਲ ਦੇ ਚੇਅਰਮੈਨ ਜਸਪਾਲ ਸਿੰਘ ਸਿੱਧੂ ਅਨੁਸਾਰ ਸਿਕਲੀਗਰ, ਮੋਹਿਆਲ, ਸਿੰਧੀ, ਲੁਬਾਣਾ ਅਤੇ ਵਣਜਾਰਾ ਵਰਗੇ ਕਬੀਲੇ, ਜੋ ਗੁਰੂ ਨਾਨਕ ਦੀਆਂ ਸਿੱਖਿਆਵਾਂ ਦਾ ਪਾਲਣਾ ਕਰਦੇ ਹਨ, ਅਕਸਰ ਆਪਣਾ ਧਰਮ ਸਿੱਖੀ ਵਜੋਂ ਨਹੀਂ ਦਰਜ ਕਰਦੇ। ਜਾਣ ਬੁਝਕੇ ਭਾਰਤ ਵਿਚ ਸਿੱਖਾਂ ਦੀ ਗਿਣਤੀ ਘਟਾਈ ਜਾ ਰਹੀ ਹੈ।ਖਾਸ ਤੌਰ ‘ਤੇ ਮਹਾਰਾਸ਼ਟਰ ਵਿੱਚ ਸਿਕਲੀਗਰ ਭਾਈਚਾਰੇ ਦੀ ਗਿਣਤੀ ਘੱਟ ਦਰਜ ਹੋਣ ਦੀ ਸਮੱਸਿਆ ਸਾਹਮਣੇ ਆਈ ਹੈ। ਸਿੱਧੂ ਨੇ ਕਿਹਾ ਕਿ ਇਹ ਲੋਕ ਸਤਿਗੁਰੂ ਨਾਨਕ ਸਾਹਿਬ ਜੀ ਦੀਆਂ ਸਿੱਖਿਆਵਾਂ ਦੀ ਪਾਲਣਾ ਕਰਦੇ ਹਨ ਅਤੇ ਗੁਰਦੁਆਰਿਆਂ ਵਿੱਚ ਜਾਂਦੇ ਹਨ। ਹੋਰ ਕਿਸੇ ਧਰਮ ਨੂੰ ਨਹੀਂ ਮੰਨਦੇ।ਜੋ ਵੀ ਗੁਰੂ ਦੀਆਂ ਸਿੱਖਿਆਵਾਂ ਮੰਨਦਾ ਹੈ, ਉਹ ਸਿੱਖ ਹੈ।ਪਰ ਇਹਨਾਂ ਨੂੰ ਸਰਕਾਰੀ ਕਾਗਜਾਂ ਵਿਚ ਸਿਖ ਵਜੋਂ ਸ਼ਾਮਲ ਕਰਵਾਉਣਾ ਜਰੂਰੀ ਹੈ।

ਮਹਾਰਾਸ਼ਟਰ ਵਿੱਚ ਸਿਕਲੀਗਰ ਭਾਈਚਾਰੇ ਦੀ ਆਬਾਦੀ ਲਗਭਗ 7,50,000 ਹੈ, ਪਰ ਇਹ ਵਿਮੁਕਤ ਜਾਤੀ ਘੁਮੱਕੜ ਜਨਜਾਤੀ ਵਜੋਂ ਸ਼੍ਰੇਣੀਬੱਧ ਹੋਣ ਕਾਰਨ ਅਜੇ ਵੀ ਵਿੱਦਿਅਕ ਤੌਰ ‘ਤੇ ਪਛੜਿਆ ਹੋਇਆ ਹੈ। ਕਈ ਪਰਿਵਾਰਾਂ ਕੋਲ 1961 ਤੋਂ ਪਹਿਲਾਂ ਮਹਾਰਾਸ਼ਟਰ ਵਿੱਚ ਡੋਮਿਸਾਈਲ ਸਾਬਤ ਕਰਨ ਵਾਲੇ ਦਸਤਾਵੇਜ਼ ਨਹੀਂ ਹਨ, ਜਿਸ ਕਾਰਨ ਅਸੀਂ ਰਾਖਵੇਂਕਰਨ ਦਾ ਲਾਭ ਨਹੀਂ ਲੈ ਸਕਦੇ।” ਇਸ ਬਾਰੇਸ੍ਰੋਮਣੀ ਕਮੇਟੀ ਨੂੰ ਮਹਾਰਸ਼ਟਰ ਸਰਕਾਰ ਨਾਲ ਸੰਪਰਕ ਕਰਨਾ ਚਾਹੀਦਾ।ਯਾਦ ਰਹੇ ਕਿ, 2011 ਵਿੱਚ ਸਿੱਖ ਪੰਜਾਬ ਦੀ 58% ਆਬਾਦੀ ਸਨ, ਜੋ ਹੁਣ 55% ਹੋ ਸਕਦੀ ਹੈ ਅਤੇ 2030 ਤੱਕ 50% ਤੋਂ ਘੱਟ ਹੋਣ ਦਾ ਅੰਦਾਜ਼ਾ ਹੈ। ਇਸ ਬਾਰੇ ਸ੍ਰੋਮਣੀ ਕਮੇਟੀ ਨੂੰ ਯੋਜਨਾ ਬੰਦੀ ਕਰਨ ਦੀ ਲੋੜ ਹੈ।ਸਿੱਖਾਂ ਵਜੋਂ ਸਾਡੀ ਪਛਾਣ ਨੂੰ ਕਾਇਮ ਰੱਖਣਾ ਸਾਡੀ ਜ਼ਿੰਮੇਵਾਰੀ ਹੈ।”

ਹੈਰਾਨੀ ਦੀ ਗੱਲ ਹੈ ਕਿ ਸ੍ਰੋਮਣੀ ਕਮੇਟੀ ਤੇ ਹੋਰ ਪੰਥਕ ਸੰਸਥਾਵਾਂ ਦਾ ਇਸ ਵਲ ਧਿਆਨ ਨਹੀਂ ।ਹਾਲੇ ਤਕ ਜਨਗਣਨਾ ਬਾਰੇ ਅਕਾਲ ਤਖਤ ਸਾਹਿਬ ਤੇ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ,ਸ੍ਰੋਮਣੀ ਕਮੇਟੀ ਨੇ ਇਨ੍ਹਾਂ ਕਬੀਲਿਆਂ ਤੇ ਨਾਨਕਪੰਥੀਆਂ ਬਾਰੇ ਹਾਲੇ ਤੱਕ ਕੋਈ ਨੀਤੀ ਨਹੀਂ ਘੜੀ।




# ਮਨਰੇਗਾ ਦੇ ਮਗਰ ਪਏ ਗੌਡਸੇ ਭਾਜਪਈਆਂ ਵੱਲੋਂ ਕਰੋੜਾਂ ਦਾ ਘੁਟਾਲਾ

‘ਨਾ ਖਾਊਂਗਾ, ਨਾ ਖਾਨੇ ਦੂੰਗਾ’ ਦਾ ਦਾਅਵਾ ਕਰਨ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੂਬੇ ਵਿੱਚ ਕਰੋੜਾਂ ਰੁਪਏ ਦੇ ਮਨਰੇਗਾ ਘੁਟਾਲੇ ਵਿੱਚ ਭਾਜਪਾਈ ਪੰਚਾਇਤ ਤੇ ਪੇਂਡੂ ਵਿਕਾਸ ਮੰਤਰੀ ਬੱਚੂ ਖਾਬੜ ਦੇ ਦੋ ਬੇਟੇ ਬਲਵੰਤ ਖਾਬੜ ਤੇ ਕਿਰਨ ਖਾਬੜ ਅਤੇ ਕੁਝ ਅਫਸਰਾਂ ਸਣੇ ਕੋਈ ਇੱਕ ਦਰਜਨ ਲੋਕ ਫੜੇ ਗਏ ਹਨ। ਇਹ ਘੁਟਾਲਾ ਕੇਂਦਰੀ ਗੁਜਰਾਤ ਦੇ ਦਾਹੋਦ ਜ਼ਿਲ੍ਹੇ ਵਿੱਚ 2021 ਤੋਂ 2024 ਤੱਕ ਹੋਇਆ। ਜ਼ਿਲ੍ਹੇ ਦੀਆਂ ਧਾਨਪੁਰ ਤੇ ਦੇਵਗੜ੍ਹ ਬੜੀਆ ਤਹਿਸੀਲਾਂ ਦੇ ਪਿੰਡਾਂ ਵਿੱਚ ਮਨਰੇਗਾ ਤਹਿਤ ਕੰਮ ਮੁਕੰਮਲ ਕਰਨ ਦੇ ਜਾਲ੍ਹੀ ਦਸਤਾਵੇਜ਼ ਦੇ ਕੇ ਪੈਸੇ ਲੈ ਲਏ ਗਏ, ਜਦਕਿ ਉੱਥੇ ਨਾ ਸੜਕਾਂ ਬਣੀਆਂ, ਨਾ ਬੰਨ੍ਹ ਤੇ ਨਾ ਕੋਈ ਹੋਰ ਵਿਕਾਸ ਦਾ ਕੰਮ ਹੋਇਆ। ਪੜਤਾਲ ਵਿੱਚ ਪਤਾ ਲੱਗਾ ਕਿ ਇਸ ਘੁਟਾਲੇ ਵਿੱਚ ਦੇਵਗੜ੍ਹ ਬਾੜੀਆ ਦੇ 28 ਤੇ ਧਾਨਪੁਰ ਦੇ 7 ਮਟੀਰੀਅਲ ਸਪਲਾਇਰ ਸ਼ਾਮਲ ਸਨ, ਜਿਨ੍ਹਾਂ ਸਥਾਨਕ ਅਧਿਕਾਰੀਆਂ ਨਾਲ ਮਿਲ ਕੇ ਜਾਲ੍ਹੀ ਕਲੇਮ ਪੇਸ਼ ਕਰਕੇ ਭੁਗਤਾਨ ਕਰਵਾ ਲਿਆ। ਪੜਤਾਲ ਦੌਰਾਨ ਪਤਾ ਲੱਗਾ ਕਿ ਮੰਤਰੀ ਦੇ ਦੋਵਾਂ ਬੇਟਿਆਂ ਦੀਆਂ ਕੰਪਨੀਆਂ ਰਾਜ ਕੰਸਟ੍ਰਕਸ਼ਨ ਤੇ ਰਾਜ ਟਰੇਡਰਜ਼ ਨੇ ਤਕੜੇ ਗੱਫੇ ਲਾਏ। ਇਹ ਫਰਾਡ ਉਦੋਂ ਸਾਹਮਣੇ ਆਇਆ, ਜਦੋਂ ਜ਼ਿਲ੍ਹਾ ਦਿਹਾਤੀ ਵਿਕਾਸ ਏਜੰਸੀ ਦੇ ਡਾਇਰੈਕਟਰ ਬੀ ਐੱਮ ਪਟੇਲ ਨੇ ਠੇਕਿਆਂ ’ਚ ਕਈ ਖਾਮੀਆਂ ਦੇਖੀਆਂ। ਉਸ ਵੱਲੋਂ ਕਰਵਾਏ ਆਡਿਟ ਵਿੱਚ ਸਾਹਮਣੇ ਆਇਆ ਕਿ ਜਾਲ੍ਹੀ ਵਰਕ ਸਾਈਟਾਂ ਦਿਖਾ ਕੇ ਘੁਟਾਲਾ ਕੀਤਾ ਗਿਆ। ਸੀਨੀਅਰ ਨੌਕਰਸ਼ਾਹਾਂ ਨੇ ਵੀ ਅੱਖਾਂ ਮੀਟੀ ਰੱਖੀਆਂ। ਦੇਵਗੜ੍ਹ ਬਾੜੀਆ ਵਿੱਚ 60.90 ਕਰੋੜ ਤੇ ਧਾਨਪੁਰ ਵਿੱਚ 10.10 ਕਰੋੜ ਦੀ ਅਦਾਇਗੀ ਜਾਲ੍ਹੀ ਦਸਤਾਵੇਜ਼ਾਂ ਦੇ ਆਧਾਰ ’ਤੇ ਕੀਤੀ ਗਈ। ਘੁਟਾਲਾ 160 ਕਰੋੜ ਤੱਕ ਜਾਣ ਦਾ ਅੰਦਾਜ਼ਾ ਹੈ, ਕਿਉਕਿ ਕੁਝ ਹੋਰ ਤਹਿਸੀਲਾਂ ਵਿੱਚ ਪੜਤਾਲ ਸ਼ੁਰੂ ਕੀਤੀ ਗਈ ਹੈ।

ਕਾਂਗਰਸ ਤੇ ਹੋਰਨਾਂ ਆਪੋਜ਼ੀਸ਼ਨ ਪਾਰਟੀਆਂ ਨੇ ਇਸ ਨੂੰ ਸੂਬੇ ਵਿੱਚ ਵੱਡਾ ਮੁੱਦਾ ਬਣਾਉਂਦਿਆਂ ਵਿਸ਼ੇਸ਼ ਜਾਂਚ ਟੀਮ ਤੋਂ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਗਰੀਬਾਂ ਲਈ ਬਣਾਈ ਗਈ ਯੋਜਨਾ ਦਾ ਪੈਸਾ ਲੁੱਟਿਆ ਗਿਆ ਹੈ। ਮਨਰੇਗਾ ਯੋਜਨਾ ਪੇਂਡੂ ਭਾਰਤ ਵਿੱਚ ਰੁਜ਼ਗਾਰ ਪੈਦਾ ਕਰਨ ਤੇ ਗਰੀਬੀ ਘਟਾਉਣ ਲਈ ਇੱਕ ਅਹਿਮ ਪਹਿਲ ਹੈ। ਇਸ ਯੋਜਨਾ ਤਹਿਤ ਜਿਨ੍ਹਾਂ ਨੂੰ ਰੁਜ਼ਗਾਰ ਤੇ ਮਜ਼ਦੂਰੀ ਮਿਲਣੀ ਸੀ, ਉਨ੍ਹਾਂ ਨੂੰ ਤਾਂ ਕੁਝ ਮਿਲਿਆ ਨਹੀਂ, ਪਰ ਬਿਨਾਂ ਕੰਮ ਕੀਤੇ ਮੰਤਰੀ ਦੇ ਬੇਟੇ ਕਰੋੜਾਂ ਰੁਪਏ ਲੁੱਟ ਕੇ ਲੈ ਗਏ। ਇਖਲਾਕ ਤਾਂ ਇਹ ਕਹਿੰਦਾ ਹੈ ਕਿ ਹੁਣ ਤੱਕ ਮਹਿਕਮੇ ਦੇ ਮੰਤਰੀ ਬੱਚੂ ਖਾਬੜ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਸੀ, ਪਰ ਭਾਜਪਾ ਵਿੱਚ ਇਹ ਰਿਵਾਜ ਨਹੀਂ, ਭਾਵੇਂ ਸੁਪਰੀਮ ਕੋਰਟ ਵੀ ਜਿੰਨੀਆਂ ਮਰਜ਼ੀ ਝਾੜਾਂ ਪਾ ਦੇਵੇ।


**ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ:**
**604-590-5200**





**AKALI SINGH SIKH SOCIETY**
1890- SKEENA STREET, VANCOUVER, B.C., CANADA
PHONE (604) 254-2117, FAX: (604) 254-5309
www.akalisinghgurdwara.ca
Email: akalisinghsikhsociety@gmail.com

22 ਮਈ, ਦਿਨ ਵੀਰਵਾਰ.....ਸਵੇਰ ਨੂੰ ਅਨੰਦ ਕਾਰਜ ਹੋਵੇਗਾ।
22 ਮਈ, ਦਿਨ ਵੀਰਵਾਰ.....ਦੁਪਿਹਰ 2:30 ਵਜੇ ਸਵ. ਮਾਤਾ ਜਸਵੀਰ ਕੌਰ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
23 ਮਈ, ਦਿਨ ਸ਼ੁੱਕਰਵਾਰ....ਸਵੇਰ ਨੂੰ ਅਨੰਦ ਕਾਰਜ ਹੋਵੇਗਾ।
24 ਮਈ, ਦਿਨ ਸ਼ਨਿੱਚਰਵਾਰ..ਸਵੇਰ ਨੂੰ ਅਨੰਦ ਕਾਰਜ ਹੋਵੇਗਾ।
24 ਮਈ, ਦਿਨ ਸ਼ਨਿੱਚਰਵਾਰ..ਸ਼ਾਮ ਨੂੰ ਲੰਗਰ ਦੀ ਸੇਵਾ ਬੀਬੀ ਬਰਜਿੰਦਰ ਕੌਰ ਰੰਧਾਵਾ ਵਲੋਂ ਹੋਵੇਗੀ।
25 ਮਈ, ਦਿਨ ਐਤਵਾਰ......ਸਵੇਰ ਨੂੰ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਵੇਗਾ, ਸੇਵਾ ਭਾਈ ਪੂਰਨ ਸਿੰਘ ਰੰਧਾਵਾ ਅਤੇ ਪਰਿਵਾਰ ਵਲੋਂ ਹੋਵੇਗੀ।
25 ਮਈ, ਦਿਨ ਐਤਵਾਰ......ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿੱਚ ਲੰਗਰ ਦੀ ਸੇਵਾ ਹੰਸ ਪਰਿਵਾਰ ਵਲੋਂ ਹੋਵੇਗੀ।
25 ਮਈ, ਦਿਨ ਐਤਵਾਰ......ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿੱਚ ਲੰਗਰ ਦੀ ਸੇਵਾ ਭਾਈ ਗੁਰਨੇਕ ਸਿੰਘ ਰਾਏ ਅਤੇ ਪਰਿਵਾਰ ਵਲੋਂ ਹੋਵੇਗੀ।
25 ਮਈ, ਦਿਨ ਐਤਵਾਰ......ਸ਼ਾਮ ਨੂੰ ਨੰਬਰ ਦੋ ਦਰਬਾਰ ਹਾਲ ਵਿੱਚ ਲੰਗਰ ਦੀ ਸੇਵਾ ਭਾਈ ਮੁਖਤਿਆਰ ਸਿੰਘ ਗੋਸਲ ਅਤੇ ਪਰਿਵਾਰ ਵਲੋਂ ਹੋਵੇਗੀ।
29 ਮਈ, ਦਿਨ ਵੀਰਵਾਰ......ਸਵੇਰ ਨੂੰ ਅਨੰਦ ਕਾਰਜ ਹੋਵੇਗਾ।
30 ਮਈ, ਦਿਨ ਸ਼ੁੱਕਰਵਾਰ.....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
31 ਮਈ, ਦਿਨ ਸ਼ਨਿੱਚਰਵਾਰ...ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
31 ਮਈ, ਦਿਨ ਸ਼ਨਿੱਚਰਵਾਰ...ਸ਼ਾਮ ਨੂੰ ਲੰਗਰ ਦੀ ਸੇਵਾ ਮਿਨਹਾਸ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।
ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 8:00 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 12:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।
ਰਾਗੀ ਜਥਾ: ਭਾਈ ਰਕਮ ਸਿੰਘ ਕਾਨ੍ਹਪੁਰ ਵਾਲੇ, ਭਾਈ ਅਜੀਤ ਸਿੰਘ ਦੇਹਰਾਦੂਨ ਵਾਲੇ ਕੀਰਤਨ ਕਰਦੇ ਹਨ।
ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ ’ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891
ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ   ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਸਿੱਖੀ ਦੇ ਵਿਹੜੇ ਵਿਚ ਚੌਪਹਿਰਿਆਂ ਦਾ ਨਵਾਂ ਕਰਮ-ਕਾਂਡ



ਪ੍ਰਿੰ: ਗੁਰਬਚਨ ਸਿੰਘ ਪੰਨਵਾਂ

ਬਾਣੀ ਦੀ ਰਚਨਾ ਇਸ ਲਈ ਕੀਤੀ ਗਈ ਸੀ ਕਿ ਅਸੀ ਪਖੰਡ ਛੱਡੀਏ ਪਰ ਓਸੀ ਪਖੰਡ ਤਾਂ ਕੀ ਛੱਡਣੇ ਸੀ, ਉਲਟਾ ਪਖੰਡ ਕਰਨ ਲਈ ਬਾਣੀ ਦੀ ਵਰਤੋਂ ਸ਼ੁਰੂ ਕਰ ਦਿੱਤੀ ਹੈ। ਗਿਆਨ ਹੀਣ ਸ਼ਰਧਾ ਤੇ ਸ਼ਰਧਾਹੀਣ ਗਿਆਨ ਦੋਵੇਂ ਹੀ ਮਨੁੱਖ ਨੂੰ ਜ਼ਿੰਦਗੀ ਦੀ ਲੀਹ ਤੋਂ ਲਾਹੁੰਦੇ ਹਨ। ਗੁਰਬਾਣੀ ਵਾਕ ਹੈ—॥ ਗਿਆਨ ਹੀਣੰ ਅਗਿਆਨ ਪੂਜਾ ॥ ਅੰਧ ਵਰਤਾਵਾ ਭਾਉ ਦੂਜਾ ॥ (1412) ਗੁਰਬਾਣੀ ਨੂੰ ਸਮਝਣ ਲਈ ਅੱਖ਼ਰ ਗਿਆਨ, ਸ਼ਬਦ ਗਿਆਨ ਤੇ ਫਿਰ ਵਾਕ ਬਣਤਰ ਦੀ ਸੋਝੀ ਹੋਣੀ ਚਾਹੀਦੀ ਹੈ। ਸ਼ਬਦ ਅਰਥ, ਤੁਕ ਅਰਥ, ਸਮੁੱਚੇ ਸ਼ਬਦ ਦੇ ਅਰਥ, ਰਹਾਉ ਦੀ ਤੁਕ ਦਾ ਫਲਸਫਾ ਤੇ ਫਿਰ ਭਾਵ ਅਰਥਾਂ ਨੂੰ ਸਮਝਿਆ ਜਾਏਗਾ। ਗੁਰਬਾਣੀ ਦੇ ਭਾਵ ਅਰਥ ਹੀ ਜ਼ਿੰਦਗੀ ਵਿਚ ਲਾਗੂ ਹੁੰਦੇ ਹਨ। ਗੁਰਬਾਣੀ ਫਲਸਫੇ ਦੀ ਵਿਧੀ ਵਿਧਾਨ ਨੂੰ ਕੋਈ ਸਮਝਣ ਲਈ ਤਿਆਰ ਨਹੀਂ ਹੈ। ਡੇਰੇਦਾਰਾਂ ਦੀ ਮਰਯਾਦਾ ਵੱਖਰੀ ਹੈ ਕਿਉਂਕਿ ਉਹ ਗੁਰਬਾਣੀ ਦੇ ਅੱਖਰੀਂ ਅਰਥਾਂ 'ਤੇ ਬਿਰਤਾਂਤ ਸਿਰਜਦੇ ਹਨ। ਹਰ ਡੇਰਾ ਕੋਈ ਨਾ ਕੋਈ ਨਵੀਂ ਘੜੁੱਤ ਛੱਡ ਕੇ ਉਸ ਨੂੰ ਪੁਰਾਤਨਤਾ ਦਾ ਨਾਂ ਦੇਂਦਾ ਹੈ। ਹੋਰ ਵੀਹ ਸਾਲਾਂ ਤਕ ਚੌਪਹਿਰਿਆਂ ਦੀ ਪੁਰਾਤਨ ਮਰਯਾਦਾ ਅਮਰ ਵੇਲ ਦਾ ਰੂਪ ਧਾਰ ਚੁੱਕੀ ਹੋਵੇਗੀ। ਇਨ੍ਹਾਂ ਚੌਪਹਿਰਿਆਂ ਦਾ ਨਵਾਂ ਇਤਿਹਾਸ ਸਿਰਜਿਆ ਜਾਏਗਾ। ਚੌਪਹਿਰਿਆਂ ਸਬੰਧੀ ਵੰਨ ਸੁਵੰਨੀਆਂ ਪੁਸਤਕਾਂ ਹੋਂਦ ਵਿਚ ਆ ਜਾਣਗੀਆਂ। ਜਿਹੜਾ ਇਨ੍ਹਾਂ ਦੇ ਪਾਖੰਡ ਵਿਰੁੱਧ ਬੋਲੇਗਾ ਉਹ ਪੰਥ ਦੋਖੀ, ਸਰਕਾਰੀ ਬੰਦਾ ਤੇ ਆਰ. ਐਸ. ਐਸ. ਦਾ ਏਜੰਟ ਗਰਦਾਨਿਆ ਜਾਏਗਾ। ਬਹੁਮੁੱਲੇ ਇਤਿਹਾਸਕ ਲੇਖ ਸੰਪਾਦਕ ਸ੍ਰ ਕਰਮ ਸਿੰਘ ਦੀ ਪੁਸਤਕ ਦੇ ਪੰਨਾ ਨੰਬਰ 74 ਤੇ ਸ੍ਰੀ ਮਾਨ ਤੇਜਾ ਸਿੰਘ ਐਮ. ਏ. ਬਨਾਉਟੀ ਇਤਿਹਾਸ ਦੇ ਸਿਰਲੇਖ ਹੇਠ ਲਿਖਦੇ ਹਨ, ਕਿ "ਸਿੱਖਾਂ ਵਿਚ ਵੀ ਗੁਰਦੁਆਰਿਆਂ ਦੀ ਮਾਨਤਾ ਵਧਾਉਣ ਲਈ ਕਈਆਂ ਨੇ ਕਈ ਸਾਖੀਆਂ ਜਾਂ ਇਤਿਹਾਸਕ ਯਾਦਗਾਰਾਂ ਬਣਾ ਲਈਆਂ ਹਨ। ਜਿਨ੍ਹਾਂ ਲੋਕਾਂ ਨੂੰ ਗੁਰੂ ਨਾਨਕ ਸਾਹਿਬ ਦੇ ਜਨਮ ਦੀ ਤਰੀਕ ਦਾ ਪਤਾ ਨਹੀਂ ਉਹ ਦਸਦੇ ਫਿਰਦੇ ਹਨ ਕਿ ਇਹ ਟਾਂਗੂ ਸਾਹਿਬ ਹੈ, ਇਥੋਂ ਗੁਰੂ ਸਾਹਿਬ ਰੁੱਖ ਉੱਤੇ ਬੈਠੇ ਆਪਣੀਆਂ ਮਹੀਆਂ ਗਾਈਆਂ ਦੀ ਰਖਵਾਲੀ ਕਰਦੇ ਸਨ। ਇਹ ਪੱਟੀ ਸਾਹਿਬ ਹੈ, ਇੱਥੇ ਗੁਰੂ ਸਾਹਿਬ ਨੇ ਪਾਂਧੇ ਪਾਸ ਪੱਟੀ ਲਿਖੀ ਸੀ। ਇਸੇ ਤਰ੍ਹਾਂ ਬੀਬੀ ਨਾਨਕੀ ਜੀ ਦੇ ਹੱਥਾਂ ਦਾ ਕੱਢਿਆ ਹੋਇਆ ਰੁਮਾਲ ਭੀ ਦਿਖਾਇਆ ਜਾਂਦਾ ਹੈ। ਹੁਣੇ ਹੀ ਨਨਕਾਣਾ ਸਾਹਿਬ ਵਿਚ ਰਾਏ ਬੁਲਾਰ ਦੀ ਕਬਰ ਦਾ ਢਕਵੰਜ ਖੜਾ ਕੀਤਾ ਜਾ ਰਿਹਾ ਹੈ। ਜੋ ਯਾਤਰੀ ਜਾਂਦਾ ਹੈ, ਕਹਿੰਦਾ ਹੈ, ਕਿ ਮੈਂ ਰਾਏ ਬੁਲਾਰ ਦੀ ਕਬਰ ਵੀ ਵੇਖ ਆਇਆ ਹਾਂ। ਹਾਲਾਂ ਕਿ ਇਸ ਗੱਲ ਲਈ ਪੁਰਾਣੇ ਥੇਹ ਉੱਤੇ ਕੋਈ ਨਿਸ਼ਾਨੀ ਜਾਂ ਕੋਈ ਸਬੂਤ ਨਹੀਂ, ਇਕ ਦੋ ਸਾਲ ਵਿਚ ਇਹ ਗੱਲ ਪੱਕੀ ਹੋ ਜਾਏਗੀ ਕਿ ਅਸਲ ਇਤਿਹਾਸ ਹੈ"। ਸਿੱਖੀ ਦੇ ਵੇਹੜੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਧਾਰਾ ਨੂੰ ਨਾ ਸਮਝਣ ਕਰਕੇ ਕਈ ਪ੍ਰਕਾਰ ਦੇ ਵਹਿਮ ਭਰਮ ਜਾਂ ਕਰਮ-ਕਾਂਡ ਫੈਲਾਏ ਜਾ ਰਹੇ ਹਨ। ਗੁਰਬਾਣੀ ਦਾ ਸੰਕਲਪ 'ਸਚਿਆਰ ਮਨੁੱਖ' ਬਣਨ ਦਾ ਸੀ ਜਿਹੜਾ "ਸਿਖੀ ਸਿਖਿਆ ਗੁਰ ਵੀਚਾਰਿ" ਦੇ ਨਾਲ ਪ੍ਰਗਟ ਹੁੰਦਾ ਹੈ। ਬਹੁਤਾਤ ਵਿਚ ਡੇਰੇ ਗੁਰਬਾਣੀ ਸੰਕਲਪ ਨੂੰ ਭੁੱਲ ਕੇ ਕਰਮ ਕਾਂਡਾਂ ਤੇ ਧਾਰਮਿਕ ਪਾਖੰਡਾਂ ਵਿਚ ਗਵਾਚ ਗਏ ਹਨ—ਜੇਹਾ ਕਿ ਗੁਰਬਾਣੀ ਵਾਕ ਹੈ—॥ ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥ (1343) ਗੁਰਬਾਣੀ ਦਾ ਤੱਤ ਗਿਆਨ ਹੈ ਕਿ ਅਕਲ, ਗਿਆਨ ਆਤਮਿਕ ਸੂਝ ਨਾਲ ਹੀ ਸਾਨੂੰ ਜ਼ਿੰਦਗੀ ਵਿਚ ਵਿਚਰਨਾ ਚਾਹੀਦਾ ਹੈ। ॥ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥ ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥ ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥ (1245) ਅਸਲ ਅਕਲ ਇਹ ਹੈ ਕਿ ਪ੍ਰਭੂ ਦੇ ਭੇਦਾਂ ਨੂੰ ਸਮਝ ਕੇ ਅਕਲ ਨਾਲ ਜ਼ਿੰਦਗੀ ਨੂੰ ਜਿਉਣ ਦਾ ਯਤਨ ਕੀਤਾ ਜਾਏ। ਉਹ ਕਾਹਦੀ ਅਕਲ ਹੈ ਜਿਹੜੀ ਧਾਗ੍ਹੇ ਤਵੀਤ, ਕਰਮ ਕਾਂਡ ਤੇ ਪਾਖੰਡਾਂ ਵਿਚ ਹੀ ਗਵਾਚ ਜਾਏ। ਗੁਰੂ ਅਮਰਦਾਸ ਜੀ ਦਾ ਵਾਕ ਹੈ ਕਿ ਬਾਹਰੋਂ ਧਰਮ ਦੇ ਨਾਂ 'ਤੇ ਪਾਖੰਡ ਕਰ ਰਿਹਾ ਏਂ ਪਰ ਆਪਣੇ ਅੰਦਰ ਕਪਟ ਲੁਕਾ ਕਿ ਰੱਖਿਆ ਹੋਇਆ ਹੈ। ॥ ਬਾਹਰਿ ਪਾਖੰਡ ਸਭ ਕਰਮ ਕਰਹਿ ਮਨਿ ਹਿਰਦੈ ਕਪਟੁ ਕਮਾਇ ॥ ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ ॥ (1418) 2 ਸਿੱਖੀ ਦੇ ਵਿਹੜੇ ਵਿਚ ਵੇਖਾ ਵੇਖਾ ਗੁਰਬਾਣੀ ਦੇ ਅਧਾਰਤ ਹੀ ਨਵੇਂ ਨਵੇਂ ਅਜੇਹੇ ਕਰਮ ਧਰਮ ਸ਼ੁਰੂ ਹੋਏ ਹਨ ਜਿੰਨਾਂ ਦਾ ਗੁਰਮਤਿ ਨਾਲ ਕੋਈ ਵੀ ਵਾਹ ਵਾਸਤਾ ਨਹੀਂ ਹੈ। ਸਿੱਖੀ ਦੇ ਵਿਹੜੇ ਵਿਚ ਕਰਮ-ਕਾਂਡਾਂ ਦੀ ਲਿਸਟ ਬਹੁਤ ਲੰਮੀ ਹੈ ਪਰ ਸੰਖੇਪ ਵਿਚ ਕੁਝ ਕੁ ਕਰਮ ਕਾਂਡਾ ਦਾ ਜ਼ਿਕਰ ਕੀਤਾ ਜਾ ਰਿਹਾ ਹੈ। ਦੇਖਣ ਨੂੰ ਇੰਝ ਮਹਿਸੂਸ ਹੁੰਦਾ ਹੈ ਕਿ ਸ਼ਾਇਦ ਇਹ ਗੁਰਬਾਣੀ ਪੜ੍ਹ ਰਿਹਾ ਹੈ ਪਰ ਗੁਰਬਾਣੀ ਰਾਂਹੀਂ ਹੀ ਧਰਮ ਦੇ ਨਾਂ 'ਤੇ ਕਰਮ-ਕਾਂਡ ਕਰ ਰਿਹਾ ਹੈ। ਦੁੱਖ ਭੰਜਨੀ ਦੇ ਗੁਟਕੇ ਗੁਰਬਾਣੀ ਵਿਚੋਂ ਕੁਝ ਉਹ ਚੋਣਵੇਂ ਸ਼ਬਦ ਲਏ ਗਏ ਹਨ ਜਿੰਨ੍ਹਾਂ ਵਿਚ ਤਾਤੀ ਵਾਉ, ਦੁਖ ਭੰਜਨ, ਰੋਗ, ਤਾਪ ਨਵਾਂ ਨਰੋਆ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਇਨ੍ਹਾਂ ਸ਼ਬਦਾਂ ਦੇ ਸੰਗ੍ਰਹਿ ਦਾ ਨਾਂ ਰੱਖ ਦਿੱਤਾ ਦੁੱਖ ਭੰਜਨ ਸਾਹਿਬ। ਹਰੇਕ ਸ਼ਬਦ ਨੂੰ ਪੜ੍ਹਨ ਦੀ ਵਿਧੀ ਦੱਸੀ ਗਈ ਹੈ ਕਿ ਕਿਸ ਸ਼ਬਦ ਦਾ ਪਾਠ ਕਿਸ ਵਿਧੀ ਨਾਲ ਕਰਨਾ ਹੈ। ਜਨ ਸਧਾਰਨ ਸੰਗਤ ਇਸ ਭੁਲੇਖੇ ਵਿਚ ਫਸ ਗਈ ਕਿ ਸ਼ਾਇਦ ਸ਼ਬਦਾਂ ਨੂੰ ਬਾਰ ਬਾਰ ਵਿਧੀ ਨਾਲ ਪੜ੍ਹਿਆਂ ਸਾਡਾ ਰੋਗ ਦੂਰ ਹੋ ਜਾਏਗਾ। ਗੁਰਬਾਣੀ ਦੇ ਮਹੱਤਵ ਨੂੰ ਸਮਝਣ ਦੀ ਥਾਂ 'ਤੇ ਗੁਰਬਾਣੀ ਦਾ ਹੀ ਓਟ ਆਸਰਾ ਲੈ ਕੇ ਵੱਡਾ ਪਾਖੰਡ ਖੜਾ ਕਰ ਦਿੱਤਾ ਗਿਆ ਹੈ। ਹੁਣ ਜੇ ਕੋਈ ਸਮਝਾਉਣ ਦਾ ਯਤਨ ਕਰੇਗਾ ਤਾਂ ਅੱਗੋਂ ਜੁਆਬ ਆਏਗਾ ਤੁਸੀਂ ਬਾਣੀ ਪੜ੍ਹਨ ਤੋਂ ਰੋਕਦੇ ਹੋ? ਕੀ ਬਾਣੀ ਪੜ੍ਹਨੀ ਮਾੜੀ ਗੱਲ ਹੈ? ਧਾਰਮਿਕ ਕਰਮ-ਕਾਂਡਾ ਨੂੰ ਗੁਰਬਾਣੀ ਦਲੀਲਾਂ ਨਾਲ ਸਹੀ ਸਾਬਤ ਕਰਨ ਦਾ ਯਤਨ ਕਰਦੇ ਹਨ। ਕੀ ਗੁਰਬਾਣੀ ਦੇ ਇਸ ਵਾਕ ਨੂੰ ਵਿਚਾਰਨ ਦਾ ਉਪਰਾਲਾ ਕਰਾਂਗੇ? ॥ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥ ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥ (669) ਸਰਬ ਰੋਗ ਕਾ ਅਉਖਦੁ ਨਾਮੁ "ਸਰਬ ਰੋਗ ਕਾ ਅਉਖਦੁ ਨਾਮੁ" ਦਾ ਭਰਮ ਵੀ ਏਸੇ ਵਿਚੋਂ ਪੈਦਾ ਹੋਇਆ ਹੈ। ਅਗਲਿਆਂ ਨੇ ਇਸ ਨਾਂ 'ਤੇ ਵੱਡੀ ਸਾਰੀ ਸੰਸਥਾ ਵੀ ਬਣਾ ਲਈ ਪਰ ਆਪਣਾ ਇਲਾਜ ਕਰਾਉਣ ਲਈ ਡਾਕਟਰਾਂ ਦੀ ਸਲਾਹ ਲੈਂਦੇ ਹਨ ਤੇ ਕਈ ਅਮਰੀਕਾ ਵਰਗੇ ਮੁਲਕਾਂ ਵਿਚ ਆਪਣਾ ਇਲਾਜ ਕਰਾ ਰਹੇ ਹਨ। ਗੁਰਬਾਣੀ ਤਾਂ ਮਨ ਦੇ ਰੋਗ ਦੂਰ ਕਰਦੀ ਹੈ ਪਰ ਇਹ ਲੋਕ ਸ਼ਬਦਾਂ ਦਾ ਰਟਨ ਕਰਕੇ ਸਰੀਰਕ ਰੋਗ ਦੂਰ ਕਰਨ ਦਾ ਦਾਅਵਾ ਕਰਦੇ ਹਨ। ਇਨ੍ਹਾਂ ਨੂੰ ਕੌਣ ਸਮਝਾਵੇ ਕਿ ਸਰੀਰਕ ਰੋਗਾਂ ਲਈ ਗੁਰੂ ਅਮਰਦਾਸ ਜੀ ਨੇ ਵੈਦ ਰੱਖੇ ਸਨ ਜਦ ਕਿ ਗੁਰੂ ਅਰਜਨ ਪਾਤਸ਼ਾਹ ਜੀ ਨੇ ਕੋਹੜੀ ਘਰ ਬਣਾਇਆ ਤੇ ਗੁਰੂ ਹਰਿ ਰਾਇ ਸਾਹਿਬ ਜੀ ਦੇਸੀ ਦਵਾਈਆਂ ਦਾ ਵੱਡ-ਅਕਾਰੀ ਦਵਾਖਾਨਾ ਬਣਵਾਇਆ। ਏਸੇ ਦਵਾਖ਼ਾਨੇ ਤੋਂ ਹੀ ਦਾਰਾ ਸ਼ਿਕੋਹ ਲਈ ਦਵਾਈ ਗਈ ਸੀ। ਸੰਕਟ ਮੋਚਨ ਇਹ ਠੀਕ ਹੈ ਕਿ ਸਮਾਜ ਵਿਚ ਰਹਿੰਦਿਆਂ ਕਈ ਪ੍ਰਕਾਰ ਦੀਆਂ ਪਰੇਸ਼ਾਨੀਆਂ ਆਉਂਦੀਆਂ ਹਨ ਪਰ ਅਸੀਂ ਉਨ੍ਹਾਂ ਪਰੇਸ਼ਾਨੀਆਂ ਦੇ ਹੱਲ ਲੱਭਣ ਦੀ ਥਾਂ 'ਤੇ ਕੋਈ ਸੌਖਾ ਰਾਹ ਚੁਣਦੇ ਹਾਂ। ਇਸ ਸੌਖੇ ਰਾਹ ਵਿਚ ਬ੍ਰਾਹਮਣੀ ਤਰਜ਼ 'ਤੇ ਗੁਰਬਾਣੀ ਸ਼ਬਦਾਂ ਨੂੰ ਮੰਤ੍ਰਾਂ ਵਾਂਗ ਤੋਤਾ ਰਟਨ ਕਰਨ ਦਾ ਰੋਝਾਨ ਪੈਦਾ ਹੋ ਗਿਆ। ਸ਼ਰਾਰਤੀ ਦਿਮਾਗ ਨੇ ਗੁਰਬਾਣੀ ਵਿਚਾਰ ਕੇ ਸਮੱਸਿਆਂਵਾਂ ਦਾ ਹੱਲ ਲੱਭਣ ਦੀ ਥਾਂ 'ਤੇ ਕੁਝ ਸ਼ਬਦਾਂ ਦਾ ਜਾਪ ਕਰਨ ਦੀ ਵਿਧੀ ਨੂੰ ਜਨਮ ਦਿੱਤਾ। ਸੰਕਟ ਮੋਚਨ ਵਾਲੀ ਪੋਥੀ ਵਿਚ ਧੰਨ ਦੌਲਤ ਦੀ ਪ੍ਰਾਪਤੀ, ਮੁਕਦਮੇ ਦੀ ਜਿੱਤ, ਪੁੱਤਰ ਦੀ ਲਾਲਸਾ, ਵਰ-ਕੰਨਿਆਂ ਦਾ ਸੰਯੋਗ, ਨੌਕਰੀ ਦੀ ਪ੍ਰਾਪਤੀ, ਮਨ ਦੀ ਇੱਛਾ ਜਾਂ ਕਈ ਹੋਰ ਸਮੱਸਿਆਵਾਂ ਦੇ ਹੱਲ ਲਈ ਵਿਧੀ ਪੂਰਵਕ ਗਿਣਤੀ ਦੇ ਪਾਠ ਕਰਨ ਦੀਆਂ ਮਨਘੜ੍ਹਤ ਬੇ-ਫ਼ਜ਼ੂਲ ਯੁਗਤੀਆਂ ਦੱਸੀਆਂ ਗਈਆਂ ਹਨ। ਗੁਰਬਾਣੀ ਅਜਿਹੇ ਵਿਧੀ ਪੂਰਵਕ ਪਾਖੰਡਾਂ ਨੂੰ ਰੱਦ ਕਰਦੀ ਹੈ--॥ ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ ॥ (474) ਅਤੇ ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥ (954) ਮੰਨ ਲਓ ਜੇ ਦੱਸੀ ਵਿਧੀ ਅਨੁਸਾਰ ਜੇ ਬੰਦੇ ਦਾ ਮੁਕਦਮਾ ਨਾ ਜਿੱਤਿਆ ਗਿਆ ਤਾਂ ਫਿਰ ਗੁਰਬਾਣੀ ਸ਼ਬਦ ਦੀ ਕੀ ਮਹਾਨਤਾ ਰਹੇਗੀ? ਚੋਪਹਿਰਾ ਵਰਤਮਾਨ ਸਮੇਂ ਵਿਚ ਸਭ ਤੋਂ ਵੱਧ ਤੇਜ਼ੀ ਨਾਲ ਚੋਪਹਿਰਾ ਪ੍ਰਫੁੱਲਤ ਹੋਇਆ ਹੈ। ਦਿਨ ਦੇ ਚੌਥੇ ਭਾਗ ਨੂੰ ਚੁਪਹਿਰਾ ਕਿਹਾ ਜਾਂਦਾ ਹੈ। ਹੁਣ ਚੋਪਹਿਰੇ ਤੋਂ ਚੋਪਹਿਰਾ ਸਾਹਿਬ ਬਣ ਗਿਆ ਹੈ। 'ਸਾਹਿਬ' ਸ਼ਬਦ ਪਹਿਲਾਂ ਪਹਿਲ ਕੇਵਲ ਗੁਰੂ ਨਾਂਵਾਂ 3 ਨਾਲ ਹੀ ਲਗਾਇਆ ਜਾਂਦਾ ਸੀ ਫਿਰ ਗੁਰੂ ਸਾਹਿਬ ਨਾਲ ਸਬੰਧਿਤ ਅਸਥਾਨਾਂ ਨਾਲ ਲਾਇਆ ਜਾਣ ਲਗ ਪਿਆ। ਹੁਣ ਹਰੇਕ ਵਸਤੂ ਜਾਂ ਗੁਰਮਤਿ ਸਿਧਾਂਤੋਂ ਥਿੜਕੇ ਸਾਧੜਿਆਂ ਦੇ ਨਾਂਵਾਂ ਅਤੇ ਉਨ੍ਹਾਂ ਨਾਲ ਸਬੰਧਿਤ ਥਾਂਵਾਂ ਨਾਲ ਵੀ ਸਾਹਿਬ ਸ਼ਬਦ ਲਗਣਾ ਸ਼ੁਰੂ ਹੋ ਗਿਆ ਹੈ। ਹਨੇਰ ਸਾਂਈਂ ਦਾ ਇਕ ਹੋਰ ਉਖੜੇ ਤੇ ਸਿੱਖ ਸਿਧਾਂਤੋਂ ਥਿੜਕੇ ਡੇਰੇ ਵਲੋਂ ਦਿਨ ਦੇ ਚੌਥੇ ਪਹਿਰ ਨੂੰ ਚੋਪਹਿਰਾ ਸਾਹਿਬ ਸ਼ਬਦ ਨਾਲ ਪ੍ਰਚੱਲਤ ਕਰ ਦਿੱਤਾ ਹੈ। ਸਿੱਖੀ ਨੂੰ ਹਿੰਦੂਤਵ ਵਿਚ ਰੰਗਣ ਲਈ ਕਈ ਤਰ੍ਹਾਂ ਦੇ ਪ੍ਰਯੋਗ ਕੀਤੇ ਜਾ ਰਹੇ ਹਨ ਉਨ੍ਹਾਂ ਵਿਚੋਂ ਬਹੁਤੇ ਡੇਰੇ ਭਗਵੇ ਵਿਚ ਰੰਗੇ ਜਾ ਚੁੱਕੇ ਹਨ। ਨਵੀਆਂ ਨਵੀਆਂ ਸੰਪ੍ਰਦਾਵਾਂ ਰਾਹੀਂ ਗੁਰਬਾਣੀ ਦਾ ਓਟ ਆਸਰਾ ਲੈ ਕੇ ਗੁਰਬਾਣੀ ਰਾਹੀਂ ਹੀ ਗੁਰਬਾਣੀ ਸਿਧਾਂਤ ਨਾਲੋਂ ਤੋੜਿਆ ਜਾ ਰਿਹਾ ਹੈ। ਅੰਮ੍ਰਿਤਸਰ ਵਿਖੇ ਇਕ ਡੇਰੇ ਵਲੋਂ ਬਾਬਾ ਦੀਪ ਸਿੰਘ ਜੀ ਦੀ ਮਹਾਨ ਸ਼ਹਾਦਤ ਦੇ ਮਹੱਤਵ ਨੂੰ ਸਮਝਣ ਸਮਝਾਉਣ ਦੀ ਥਾਂ 'ਤੇ ਉਨ੍ਹਾਂ ਦੇ ਨਾਂ 'ਤੇ ਕਰਮ-ਕਾਂਡ ਤੇ ਪਾਖੰਡ ਨੂੰ ਚੋਪਹਿਰਿਆਂ ਦੇ ਨਾਂ ਨਾਲ ਨਵਾਂ ਚੰਦ ਚਾੜ੍ਹਿਆ ਹੈ। ਦੁੱਖ ਇਸ ਗੱਲ ਦਾ ਹੈ ਕਿ ਸਿੱਖ ਸਿਧਾਂਤ 'ਤੇ ਪਹਿਰਾ ਦੇਣ ਲਈ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਭ ਕੁਝ ਨੱਕ ਹੇਠ ਤਥਾ ਪ੍ਰਬੰਧ ਹੇਠ ਹੋ ਰਿਹਾ ਹੈ। ਸਿੱਖ ਰਹਿਤ ਮਰਯਾਦਾ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਸਿੱਖ ਕੌਮ ਦੇ ਜੱਥੇਦਾਰ ਜਾਣਦੇ ਹੋਏ ਵੀ ਇਸ ਪਾਸੇ ਧਿਆਨ ਨਹੀਂ ਦੇ ਰਹੇ। ਸ਼੍ਰੋਮਣੀ ਕਮੇਟੀ ਨੂੰ ਧਿਆਨ ਦੇਣ ਦੀ ਵੀ ਕੀ ਲੋੜ ਹੈ ਗੋਲਕ ਭਰਨੀ ਚਾਹੀਦੀ ਹੈ ਸਿਧਾਂਤ ਪਏ ਢੱਠੇ ਖੂਹ ਵਿਚ। ਸੁਣਨ ਵਿਚ ਆਉਂਦਾ ਹੈ ਇਨ੍ਹਾਂ ਦੀ ਬੁਗਨੀ ਇਕ ਐਤਵਾਰ ਨੂੰ ਕਰੋੜ ਕਮਾ ਲੈਂਦੀ ਹੈ। ਇਸਤ੍ਰੀ ਪੁਰਖਾ ਦਾਮ ਹਿਤ ਭਾਵੇਂ ਆਇ ਕਿਥਾਊਂ ਜਾਈ॥ (ਭਾਈ ਗੁਰਦਾਸ ਜੀ ਵਾਰ-1, ਪਉੜੀ-30) ਜਦੋਂ ਚੋਪਹਿਰਿਆਂ ਦੀ ਕਾਢ ਵਾਲਿਆਂ ਨੇ ਚੁਪਹਿਰੇ ਦੀ ਜੋ ਰੂਪ ਰੇਖਾ ਤਿਆਰ ਕੀਤੀ ਹੈ ਉਹ ਪੜ੍ਹ ਕੇ ਕੀ ਕੋਈ ਕਹਿ ਸਕਦਾ ਹੈ ਕੀ ਇਹ ਗੁਰਮਤਿ ਹੈ? ਚੋਪਹਿਰਿਆਂ ਦੇ ਵਿਸਥਾਰ ਨੂੰ ਸਮਝਣ ਲਈ 9/9/2023 ਨੂੰ ਜੱਗ ਬਾਣੀ ਵਿਚ ਛਪੀ ਲਿਖਤ ਨੂੰ ਸਮਝਣ ਦਾ ਯਤਨ ਕੀਤਾ ਜਾਏਗਾ। ਕੀ ਹੁੰਦਾ ਹੈ ਚੋਪਹਿਰਾ ਸਾਹਿਬ? ਜਾਣੋ ਘਰ ਵਿੱਚ ਚੋਪਹਿਰਾ ਕੱਟਣ ਦੀ ਮਰਿਯਾਦਾ ਤੇ ਵਿਧੀ ਅੰਮ੍ਰਿਤਸਰ—ਗੁਰਦੁਆਰਾ ਸ਼ਹੀਦਾਂ ਸਾਹਿਬ ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ ਵਿਖੇ ਹਰ ਐਤਵਾਰ ਨੂੰ ਚੋਪਹਿਰਾ ਸਾਹਿਬ ਕੱਟਿਆ ਜਾਂਦਾ ਹੈ। ਉਹ ਬਿਪਤਾ ਸਹੇੜਦੇ ਹੀ ਕਿਉਂ ਹਾਂ ਜਿਹੜੀ ਕੱਟਣੀ ਪੈਣੀ ਹੈ। ਪਹਿਲੀ ਗੱਲ ਤਾਂ ਕੱਟਣਾ ਸ਼ਬਦ ਦਾ ਅਰਥ ਮਹਾਨ ਕੋਸ਼ ਵਿਚ ਲਿਖਿਆ ਹੈ—ਵਿਤਾਉਣਾ, ਗੁਜ਼ਾਰਨਾ--ਵੇਲਾ ਕੱਟਣਾ ਅਤੇ ਦਿਨ ਕੱਟਣਾ ਆਦਿ, ਉਂਝ ਸਾਡੀ ਬੋਲੀ ਵਿਚ ਕੈਦ ਜਾਂ ਜੇਲ੍ਹ ਕੱਟਣੀ ਆਮ ਪ੍ਰਚੱਲਤ ਸ਼ਬਦ ਹੈ। ਔਖਾ ਸਮਾਂ ਲੰਘ ਜਾਏ ਸਮਝਿਆ ਜਾਂਦਾ ਹੈ ਕਿ ਸਾਡਾ ਕਲੇਸ਼ ਕੱਟਿਆ ਗਿਆ। ਕਿਸੇ ਨੇ ਕੋਈ ਸਜਾ ਹੋਈ ਹੋਵੇ ਤਾਂ ਉਹ ਜੇਲ੍ਹ ਵਿਚ ਕੈਦ ਕੱਟਦਾ ਹੈ। ਇਸ ਦਾ ਅਰਥ ਹੈ ਕੋਈ ਗੁਰਬਾਣੀ ਪੜ੍ਹਨ ਸਮਝਣ ਜਾਂ ਵਿਚਾਰਨ ਲਈ ਨਹੀਂ ਜਾਂਦਾ ਸਗੋਂ ਸਮਾਂ ਕੱਟਣ ਨੂੰ ਚੋਪਹਿਰਾ ਕਿਹਾ ਜਾਂਦਾ ਹੈ। ਹਰ ਐਤਵਾਰ ਨੂੰ ਦੁਪਹਿਰ 12 ਵਜੇ ਤੋਂ ਲੈ ਕੇ ਸ਼ਾਮ ਚਾਰ ਵਜੇ ਤੱਕ ਚੋਪਹਿਰਾ ਸਾਹਿਬ ਜੀ ਦਾ ਪਾਠ ਹੁੰਦਾ ਹੈ। ਜੇ ਕੋਈ ਸੰਗਤ ਇਸ ਗੁਰਦੁਆਰਾ ਸਾਹਿਬ ਨਹੀਂ ਪਹੁੰਚ ਸਕਦੀ ਤਾਂ ਉਹ ਆਪਣੇ ਘਰ ਵਿਚ ਵੀ ਚੋਪਹਿਰਾ ਸਾਹਿਬ ਜੀ ਦਾ ਪਾਠ ਕਰ ਸਕਦਾ ਹੈ। ਚੌਪਹਿਰੇ ਤੋਂ ਭਾਵ ਚਾਰ ਘੰਟੇ ਜਦੋਂ ਸੰਗਤ ਅਕਾਲ ਪੁਰਖ ਦੀ ਉਸਤਤ ਕਰਦੀ ਹੈ। ਸੰਗਤ ਦਾ ਵਿਸ਼ਵਾਸ ਹੈ ਕਿ ਚੋਪਹਿਰਾ ਸਾਹਿਬ ਵਿੱਚ ਸ਼ਹੀਦ ਬਾਬਾ ਦੀਪ ਸਿੰਘ ਜੀ ਆਪ ਹਾਜ਼ਰ ਹੁੰਦੇ ਹਨ। ਇਨ੍ਹਾਂ ਨੂੰ ਪੁੱਛਣਾ ਬਣਦਾ ਹੈ ਕਿ ਫਿਰ ਦਸ ਗੁਰੂ ਸਾਹਿਬਾਨ ਦਾ ਕੀ ਮਹੱਤਵ ਹੋਇਆ? ਗੁਰੂ ਗ੍ਰੰਥ ਸਾਹਿਬ ਜੀ ਦਾ ਕੀ ਮਹੱਤਵ ਹੈ? ਕੀ ਬਾਕੀ ਸ਼ਹੀਦਾਂ ਦਾ ਰੁਤਬਾ ਛੋਟਾ ਹੈ? ਜਦ ਕਿ ਸ਼ਹੀਦ ਤਾਂ ਸਾਰੇ ਬਰਾਬਰ ਦਾ ਦਰਜਾ ਰੱਖਦੇ ਹਨ। ਅਰਦਾਸ ਵਿਚ ਸਾਰਿਆਂ ਸ਼ਹੀਦਾਂ ਨੂੰ ਯਾਦ ਕਰਕੇ ਕਿਹਾ ਜਾਂਦਾ ਹੈ ਜਿੰਨ੍ਹਾਂ ਸਿੰਘ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ। ਚੋਪਹਿਰਾ ਸਾਹਿਬ ਕੱਟਣ ਵੇਲੇ ਘਰੋਂ ਕੇਸੀ ਇਸ਼ਨਾਨ ਕਰਕੇ ਸਾਫ਼ ਸੁਥਰੇ ਕੱਪੜੇ ਪਾ ਕੇ ਜਾਣਾ ਚਾਹੀਦਾ ਹੈ। ਜੇ ਕਰ ਸੰਗਤ ਨੇ ਬਾਬਾ ਦੀਪ ਸਿੰਘ ਜੀ ਦੇ ਗੁਰਦੁਆਰਾ ਵਿੱਚ ਚੋਪਹਿਰਾ ਕੱਟਣਾ ਹੈ ਤਾਂ ਦੋ ਘੰਟੇ ਪਹਿਲਾਂ ਪਹੁੰਚਣਾ ਚਾਹੀਦਾ ਹੈ ਤਾਂ ਕਿ ਅਸਾਨੀ ਨਾਲ ਬੈਠਣ ਦੀ ਜਗ੍ਹਾ ਮਿਲ ਸਕੇ। ਦੁਪਹਿਰ 12 ਵਜੇ ਤੋਂ ਲੈ ਕੇ 4 ਵਜੇ ਤਕ 5 ਪਾਠ ਜਪੁ ਜੀ ਸਾਹਿਬ ਜੀ ਦੇ 2 ਪਾਠ ਚੌਪਈ ਸਾਹਿਬ ਜੀ ਦੇ ਇਕ ਸੁਖਮਨੀ ਸਾਹਿਬ ਜੀ ਦਾ ਪਾਠ ਕਰਨਾ ਹੈ। ਕੀ ਗੁਰਬਾਣੀ ਗਿਣਤੀ ਦੇ ਪਾਠਾਂ ਨੂੰ ਕੋਈ ਮਾਨਤਾ ਦਿੰਦੀ ਹੈ? ਜੇਕਰ ਲੋੜ ਪਵੇ ਤਾਂ ਇਸ ਦੌਰਾਨ 15-20 ਮਿੰਟ ਅਰਾਮ ਵੀ ਕੀਤਾ ਜਾ ਸਕਦਾ ਹੈ। ਇਸ ਸਮੇਂ ਦੌਰਾਨ ਕੁਝ ਚਾਹ ਪਾਣੀ ਛਕਣਾ ਹੋਵੇ ਜਾਂ ਵਾਸ਼ਰੂਮ ਵਗੈਰਾ ਜਾਣ ਦੀ ਲੋੜ ਹੈ ਤਾਂ ਜਾਇਆ ਜਾ ਸਕਦਾ ਹੈ। ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਅਨੰਦ ਸਾਹਿਬ ਜੀ ਦੀਆਂ ਛੇ ਪਉੜੀਆਂ ਦਾ ਪਾਠ ਕਰਕੇ ਅਰਦਾਸ ਬੇਨਤੀ ਕਰਨੀ ਹੈ। ਕਈ ਵਾਰ ਸੰਗਤ ਚਾਰ ਘੰਟੇ ਤੋਂ ਪਹਿਲਾਂ ਵੀ ਪਾਠ ਕਰ ਲੈਂਦੀ ਹੈ। ਜੇ ਕਰ ਕਿਸੇ ਨੇ ਸਾਢੇ ਤਿੰਨ ਘੰਟਿਆਂ 4 ਵਿੱਚ ਪਾਠ ਕਰ ਲਿਆ ਹੈ ਤਾਂ ਬਾਕੀ ਬਚੇ ਅੱਧੇ ਘੰਟੇ ਵਿੱਚ ਵਾਹਿਗੁਰੂ ਸਿਮਰਨ ਕੀਤਾ ਜਾ ਸਕਦਾ ਹੈ ਜਾਂ ਗੁਰਬਾਣੀ ਦੇ ਕਿਸੇ ਸ਼ਬਦ ਦਾ ਸਿਮਰਨ ਕਰਨਾ ਹੈ। ਭਾਵ ਕੇ 12 ਤੋਂ ਲੈ ਕੇ 4 ਵਜੇ ਤਕ ਬਾਣੀ ਪੜ੍ਹਨੀ ਹੈ। ਇਸ ਦਾ ਭਾਵ ਹੈ ਗੁਰਬਾਣੀ ਵਿਚਾਰਨ ਦੀ ਕੋਈ ਲੋੜ ਨਹੀਂ ਕੇਵਲ ਰਟਨ ਦੀ ਲੋੜ ਹੈ। ਹੁਣ ਗੁਰਬਾਣੀ ਦੇ ਇਸ ਵਾਕ ਨੂੰ ਵੀ ਸਮਝ ਲੈਣਾ ਚਾਹੀਦਾ ਹੈ— ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥ (148) ਦੂਸਰਾ ਘਰ ਵਿਚ ਚੋਪਹਿਰਾ ਸਾਹਿਬ ਕੱਟਣ ਦੀ ਮਰਿਯਾਦਾ ਤੇ ਵਿਧੀ- ਘਰ ਵਿਚ ਚੋਪਹਿਰਾ ਸਾਹਿਬ ਕੱਟਣ ਲਈ ਐਤਵਾਰ ਦੇ ਦਿਨ ਅੰਮ੍ਰਿਤ ਵੇਲੇ ਉੱਠੇ। ਇਸ਼ਨਾਨ ਪਾਣੀ ਕਰਕੇ ਘਰ ਦੀ ਅਤੇ ਖ਼ਾਸ ਰਸੋਈ ਦੀ ਸਫ਼ਾਈ ਕਰੇ। ਫਿਰ ਇਸ਼ਨਾਨ ਕਰਕੇ ਸੁੱਚਮਤਾ ਦੇ ਨਾਲ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰਨੀ ਹੈ। ਜਿੱਥੇ ਚੋਪਹਿਰਾ ਸਾਹਿਬ ਕੱਟਣਾ ਹੋਵੇ ਸਾਫ ਵਸਤਰ ਵਿਛਾ ਕੇ ਬਾਬਾ ਦੀਪ ਸਿੰਘ ਜੀ ਦੀ ਫੋਟੋ ਉੱਚੇ ਥਾਂ ਰੱਖਣੀ ਹੈ ਤੇ ਫੋਟੋ ਅੱਗੇ ਜੋਤ ਜਗਾਉਣੀ ਹੈ। ਜੇ ਕਿਸੇ ਨੂੰ ਡਰ ਲੱਗਦਾ ਹੈ ਕਿ ਜੋਤ ਜਗਾਉਣ ਨਾਲ ਮਰਯਾਦਾ ਦਾ ਪਾਲਣ ਨਹੀਂ ਕਰ ਸਕਦੇ ਬੇਸ਼ੱਕ ਜੋਤ ਨਾ ਜਗਾਓ। ਜੋਤ ਜਗਾਉਣਾ ਜਾਂ ਨਾ ਜਗਾਉਣਾ ਵਿਆਕਤੀ ਤੇ ਨਿਰਭਰ ਕਰਦਾ ਹੈ। ਇਹ ਕੋਈ ਬੰਦਸ਼ ਨਹੀਂ ਹੈ। ਇਸ ਦਾ ਭਾਵ ਹੈ ਸਿੱਖ ਰਹਿਤ ਮਰਯਾਦਾ ਦੇ ਸਿਧਾਂਤ ਤੋਂ ਵੀ ਡਰਦੇ ਹਨ ਇਸ ਲਈ ਇਹ ਛੋਟ ਦੇ ਰਹੇ ਹਨ। ਜਦੋਂ ਵੀ ਸਮਾਂ ਮਿਲੇ ਜੋਤ ਦੇ ਨਾਂ ਦਾ ਘਿਓ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਅੰਮ੍ਰਿਤਸਰ ਵਿਖੇ ਭੇਟਾ ਕਰ ਸਕਦੇ ਹੋ। ਹੁਣ ਸਿੱਖ ਰਹਿਤ ਮਰਯਾਦਾ ਵਿਚ ਤਾਂ ਜੋਤ ਦਾ ਖੰਡਨ ਕੀਤਾ ਗਿਆ ਹੈ। ਕੀ ਗੁਰਬਾਣੀ ਜੋਤ ਦੀ ਗੱਲ ਨਹੀਂ ਕਰਨੀ ਚਾਹੀਦੀ? ਦੇਗ ਬਣਾਉਣ ਤੇ ਜੋਤ ਜਗਾਉਣ ਤੋਂ ਬਾਅਦ ਦੁਪਹਿਰ ਦੇ ਬਾਰ੍ਹਾਂ ਵਜੇ ਬਾਬਾ ਦੀਪ ਸਿੰਘ ਜੀ ਦਾ ਨਾਂ ਲੈ ਕੇ ਗੁਰੂ ਸਾਹਿਬ ਅੱਗੇ ਅਰਦਾਸ ਕਰਨੀ ਹੈ। ਸਿੱਖ ਰਹਿਤ ਮਰਯਾਦਾ ਵਿਚ ਅਰਦਾਸ ਕੇਵਲ ਅਕਾਲ ਪੁਰਖ ਅੱਗੇ ਕਰਨ ਦੀ ਤਾਗ਼ੀਦ ਕੀਤੀ ਜਾਂਦੀ ਹੈ। ਅਰਦਾਸ ਕਿਸ ਕਾਰਜ ਲਈ, ਦੇਹ ਅਰੋਗਤਾ ਜਾਂ ਹੋਰ ਕਿਸੇ ਸੁੱਖ ਲਈ ਵੀ ਹੋ ਸਕਦੀ ਹੈ। ਇਸ ਤੋਂ ਬਾਅਦ 12 ਵਜੇ ਤੋਂ ਲੈ ਕੇ 4 ਵਜੇ ਤਕ 5 ਪਾਠ ਜਪੁ ਜੀ ਸਾਹਿਬ ਜੀ ਦੇ ਦੋ ਪਾਠ ਚੌਪਈ ਸਾਹਿਬ ਜੀ ਦੇ ਅਤੇ ਇਕ ਸੁਖਮਨੀ ਸਾਹਿਬ ਜੀ ਦਾ ਪਾਠ ਕਰਨਾ ਹੈ। ਗੁਰਦੁਆਰਾ ਸਾਹਿਬ ਵਾਂਗ ਏੱਥੇ ਵੀ 15-20 ਮਿੰਟ ਅਰਾਮ ਕਰ ਸਕਦੇ ਹੋ।
ਇਸ ਸਮੇਂ ਦੌਰਾਨ ਕੁਝ ਚਾਹ ਪਾਣੀ ਛੱਕਣਾ ☞


FARM MORTGAGE SPECIALIST

Please Call:

SARBJIT DUBB, AMP

Mortgage Consultant

604-780-4497

Verico A.K. Mortgage Plus Inc.

AK Mortgage Professional Mortgage Consultants Plus

5 YEAR FIXED

3.95 %*

Insured Only

QUICK & EASY APPROVALS



A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca

*Rates are subject to change. O.A.C. Some Conditions Apply. VERICO A.K. MORTGAGE PLUS INC

ਹੋਵੇ ਜਾਂ ਵਾਸ਼ਰੂਮ ਵਗੈਰਾ ਜਾਣ ਦੀ ਲੋੜ ਹੈ ਤਾਂ ਜਾਇਆ ਜਾ ਸਕਦਾ ਹੈ। ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਅਨੰਦ ਸਾਹਿਬ ਜੀ ਦੀਆਂ ਦੀਆਂ ਛੇ ਪਉੜੀਆਂ ਦਾ ਪਾਠ ਕਰਕੇ ਅਰਦਾਸ ਬੇਨਤੀ ਕਰਨੀ ਹੈ। ਇਸ ਉਪਰੰਤ ਕੜਾਹ ਪ੍ਰਸ਼ਾਦ ਦੀ ਦੇਗ ਨੂੰ ਭੋਗ ਲਗਾਉਣਾ ਹੈ। ਚੌਪਹਿਰੇ ਵਾਲ਼ਿਆਂ ਦੀ ਚਲਾਕ ਬਿਰਤੀ ਅਨੁਸਾਰ ਏਦਾਂ ਗੁਰਬਾਣੀ ਪੜ੍ਹਨ ਨਾਲ ਫਾਇਦਾ ਹੈ। ਸੰਗਤਾਂ ਦਾ ਵਿਸ਼ਵਾਸ ਹੈ ਕਿ ਬਾਬਾ ਦੀਪ ਸਿੰਘ ਜੀ ਦਾ ਨਾਮ ਲੈ ਕੇ ਜਦੋਂ ਮਨੁੱਖ ਸੱਚੇ ਦਿਲੋਂ ਚੋਪਹਿਰਾ ਕੱਟਦਾ ਹੈ ਤਾਂ ਉਸ ਦੀਆਂ ਸਾਰੀਆਂ ਅਰਦਾਸਾਂ ਪੂਰੀਆਂ ਹੋ ਜਾਂਦੀਆਂ ਹਨ। ਚੋਪਹਿਰੇ ਵਿਚ ਐਨੀ ਸ਼ਕਤੀ ਹੈ ਕਿ ਜੋ ਕਿਸਮਤ ਵਿਚ ਨਹੀਂ ਲਿਖਿਆ ਹੁੰਦਾ ਪਰਮਾਤਮਾ ਉਹ ਵੀ ਬਖਸ਼ ਦਿੰਦਾ ਹੈ। ਏਦ੍ਹਾਂ ਦੀਆਂ ਮਨ ਘੜਤ ਬੇ-ਥਵਾ ਗੱਲਾਂ ਸਬੰਧੀ ਗੁਰੂ ਨਾਨਕ ਸਾਹਿਬ ਜੀ ਪ੍ਰਤੱਖ ਫੁਰਮਾਣ ਹੈ— ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥ ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥ ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥ (418) ਜਿਹੜੇ ਪਾਖੰਡਾਂ ਦੀਆਂ ਗੁਰੂ ਸਾਹਿਬ ਜੀ ਨੇ ਧੁਕੀਆਂ ਉਡਾਈਆਂ ਸਨ ਉਹ ਪਾਖੰਡ ਇਨ੍ਹਾਂ ਨੇ ਬਹਾਦਰ ਕੌਮ ਦੇ ਗ਼ਲ ਦਿਨ ਦੀਵੀਂ ਮੜ੍ਹ ਦਿੱਤੇ ਹਨ। ਚੋਪਹਿਰੇ ਵਾਲੇ ਅੰਧ ਭਗਤਾਂ ਨੂੰ ਬੇਨਤੀ ਹੈ ਕਿ ਤੁਹਾਡੇ ਅਨੁਸਾਰ ਚੋਪਹਿਰਿਆਂ ਨਾਲ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ ਤਾਂ ਫਿਰ ਬੰਦੀ ਸਿੰਘਾਂ ਦੀ ਰਿਹਾਈ ਲਈ ਚੌਪਹਿਰੇ ਕੱਟ ਲਓ। ਘੱਟੋ ਘੱਟ ਪੰਥਕ ਕਾਰਜ ਤਾਂ ਹੋ ਜਾਏਗਾ। ਪੰਜਾਬ ਦਾ ਪਾਣੀ ਜ਼ਮੀਨ ਵਿਚੋਂ ਗਵਾਚ ਗਿਆ ਹੈ, ਉਸ ਨੂੰ ਲੱਭਣ ਲਈ ਦੋ ਚਾਰ ਚੋਪਹਿਰੇ ਕੱਟ ਲਓ। ਪੰਜਾਬ ਸਿਰ ਕਰਜ਼ੇ ਦਾ ਪੰਡ ਚੜ੍ਹੀ ਹੋਈ ਹੈ ਉਸ ਨੂੰ ਉਤਾਰਨ ਲਈ ਚੋਪਹਿਰ ਕੱਟ ਲਓ ਤਾਂ ਕਿ ਪੰਜਾਬ ਦੀ ਹੋਣੀ ਸਵਾਰੀ ਜਾ ਸਕੇ। ਗੁਰਬਾਣੀ ਦਾ ਫੁਰਮਾਣ ਤਾਂ ਸਾਨੂੰ ਰੱਬੀ ਹੁਕਮ ਵਿਚ ਚੱਲਣ ਦੀ ਤਾਗ਼ੀਦ ਕਰਦਾ ਹੈ— ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ 5 ਤੂ ਸਦਾ ਸਲਾਮਤਿ ਨਿਰੰਕਾਰ ॥ (3) ਅੰਧ ਭਗਤਾਂ ਦੇ ਖ਼ਿਆਲ ਅਨੁਸਾਰ ਚੌਪਹਿਰਿਆਂ ਨਾਲ ਜੋ ਮੰਗਾਂਗੇ ਉਹ ਮਿਲ ਜਾਏਗਾ। ਇਸ ਦਾ ਅਰਥ ਹੈ ਜਿਹੜਾ ਮੋਟਰ-ਗੱਡੀਆਂ ਦੇ ਚਿੱਬ ਕੱਢਦਾ ਹੈ ਉਹ ਇਸ ਲਈ ਚੋਪਹਿਰਾ ਕੱਟੇ ਕਿ ਵੱਧ ਤੋ ਵੱਧ ਐਕਸੀਡੈਂਟ ਹੋਣ ਤੇ ਸਾਡੇ ਕਾਰੋਬਾਰ ਵਿਚ ਵਾਧਾ ਹੋਵੇ। ਇਕ ਡਾਕਟਰ ਇਸ ਲਈ ਚੋਪਹਿਰਾ ਕੱਟੇ ਕਿ ਲੋਕ ਵੱਧ ਤੋਂ ਵੱਧ ਬਿਮਾਰ ਹੋਣ ਤਾਂ ਕਿ ਮੇਰਾ ਹਸਪਤਾਲ ਵੱਧ ਕਮਾਈ ਕਰ ਸਕੇ। ਰਾਜਨੀਤਿਕ ਪਾਰਟੀਆਂ ਇਸ ਲਈ ਚੋਪਹਿਰਾ ਕੱਟਣ ਕਿ ਸਾਡੀ ਹੀ ਜਿੱਤ ਹੋਵੇ। ਜਿਸ ਦਾ ਮੁਕਦਮਾ ਚੱਲ ਰਿਹਾ ਹੈ ਉਹ ਇਸ ਲਈ ਚੋਪਹਿਰਾ ਕੱਟੇ ਕਿ ਸਾਡਾ ਝੂਠਾ ਕੇਸ ਜਿੱਤਿਆ ਜਾਏ। ਨਿਆਣਿਆਂ ਨੂੰ ਹੁਣ ਪੜ੍ਹਨ ਦੀ ਲੋੜ ਨਹੀਂ ਕਿ ਚੋਪਹਿਰਾ ਕੱਟਣ ਨਾਲ ਹੀ ਪਾਸ ਹੋ ਜਾਣਗੇ। ਸੂਰਬੀਰਾਂ ਦੀ ਕੌਮ ਨੂੰ ਚਲੀਹੇ ਦੀ ਤਰਜ਼ ਤੇ ਚੌਪਹਿਰੇ ਕੱਟਣ ਵਲ ਤੌਰ ਦਿੱਤਾ। ਚੌਪਹਿਰਿਆਂ ਦੀ ਕਾਢ ਵਾਲੇ ਨੂੰ ਦਾਦ ਦੇਣੀ ਤਾਂ ਬਣਦੀ ਹੀ ਹੈ ਪਰ ਨਾਲ ਇੱਕੀ ਤੋਪਾਂ ਦੀ ਸਲਾਮੀ ਵੀ ਦੇਣੀ ਚਾਹੀਦੀ ਹੈ। ਆਹ ਗੁਰਬਾਣੀ ਵਿਚਾਰ ਤਾਂ ਇਨ੍ਹਾਂ ਦੇ ਉਤੋਂ ਦੀ ਲੰਘ ਜਾਣੇ ਨੇ। ॥ ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ ॥ ਨਾ ਤੂ ਆਵਹਿ ਵਸਿ ਬੇਦ ਪੜਾਵਣੇ ॥ (962) ॥ ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥ (15) ॥ ਨਾਨਕ ਵਿਣੁ ਨਾਵੈ ਕੋ ਥਿਰੁ ਨਹੀ ਪੜਿ ਪੜਿ ਹੋਇ ਖੁਆਰੁ ॥ (84) ॥ ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ ॥ (117) ॥ ਲੇਖਾ ਪੜਿ ਨ ਪਹੂਚੀਐ ਕਥਿ ਕਹਣੈ ਅੰਤੁ ਨ ਪਾਇ ॥ (427) ਹਾਂਗਕੌਂਗ ਦੇ ਸੰਸਾਰ ਪ੍ਰਸਿੱਧ ਗੁਰਦੁਆਰੇ ਵਿੱਚ ਇਕ ਬਾਬੇ ਨੇ ਸਟੇਜ ਤੋਂ ਕਿਹਾ ਕਿ ਇਕ ਦਿਨ ਵਿਚ 151 ਵਾਰ ਜਪੁ ਬਾਣੀ ਦਾ ਪਾਠ ਤੇ ਪੰਜ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਣ ਫਿਰ ਜੋ ਮੰਗੋਗੇ ਉਹ ਮਿਲ ਜਾਏਗਾ। ਬਾਬਾ ਜੀ ਨੂੰ ਸਿੱਧਾ ਜੇਹਾ ਸੁਆਲ ਕੀਤਾ ਕਿ ਬਾਬਾ ਜੀ ਜੇ ਜਪੁ ਬਾਣੀ ਦੇ ਇਕ ਪਾਠ ਨੂੰ ਦਸ ਮਿੰਟ ਵੀ ਲਗਦੇ ਹੋਣ ਤਾਂ 151 ਪਾਠ 1510 ਮਿੰਟ ਵਿਚ ਹੋਣਗੇ ਜਦ ਕਿ ਦਿਨ ਰਾਤ ਵਿਚ 1440 ਮਿੰਟ ਬਣਦੇ ਹਨ ਤੇ ਪੰਜ ਸੁਖਮਨੀ ਸਾਹਿਬ ਦੇ ਪਾਠ ਵੱਖਰੇ ਹਨ। ਕੁਲ ਮਿਲਾ ਕਿ ਇਹ 31-32 ਘੰਟੇ ਬਣਦੇ ਹਨ। ਹੁਣ ਦੱਸੋ ਕਿ ਇਸ ਤੋਂ ਵੱਧ ਗੱਪ ਕੀ ਹੋ ਸਕਦੀ ਹੈ? ਗੁਰੂ ਅਰਜਨ ਪਾਤਸ਼ਾਹ ਜੀ ਦਾ ਪਿਆਰਾ ਵਾਕ ਹੈ— ॥ਬਿਬੇਕ ਬੁਧਿ ਸਭ ਜਗ ਮਹਿ ਨਿਰਮਲ ਬਿਚਰਿ ਬਿਚਰਿ ਰਸੁ ਪੀਜੈ ॥ ਗੁਰ ਪਰਸਾਦਿ ਪਦਾਰਥੁ ਪਾਇਆ ਸਤਿਗੁਰ ਕਉ ਇਹੁ ਮਨੁ ਦੀਜੈ ॥ (1325) ਅਤੇ ॥ ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥ ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥ ਸੰਤਹੁ ਸਾਗਰੁ ਪਾਰਿ ਉਤਰੀਐ ॥ ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥ (747) ਬਾਬਾ ਦੀਪ ਸਿੰਘ ਸ਼ਹੀਦ ਮਿਸਲ ਦੇ ਮੁੱਖ ਜਥੇਦਾਰ ਰਹੇ ਹਨ। 1757 ਈ. ਨੂੰ ਜਦੋਂ ਤੈਮੂਰ ਸ਼ਾਹ ਤੇ ਨਾਦਰ ਸ਼ਾਹ ਨੇ ਦਰਬਾਰ ਸਾਹਿਬ ਨੂੰ ਪੂਰ ਦੇਣ ਵਾਲੀ ਘਟਨਾ ਦਾ ਪਤਾ ਲੱਗਿਆ ਤਾਂ ਬਾਬਾ ਦੀਪ ਸਿੰਘ ਨੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਅੰਮ੍ਰਿਤਸਰ ਵਲ ਨੂੰ ਚੱਲ ਪਏ। ਸਿੱਖ ਰਵਾਇਤਾਂ ਅਨੁਸਾਰ 5 ਤੋਂ 7 ਹਜ਼ਾਰ ਤਕ ਸਿੰਘਾਂ ਦੀ ਗਿਣਤੀ ਹੋ ਗਈ ਸੀ। ਡਾਕਟਰ ਦਿਲਗੀਰ ਜੀ ਸਿੱਖ ਤਵਰੀਖ ਭਾਗ ਦੂਜਾ ਦੇ ਪੰਨਾ 206 ਤੇ ਲਿਖਦੇ ਹਨ ਕਿ ਦਰਬਾਰ ਸਾਹਿਬ ਦੇ ਨੇੜੇ ਬਾਬਾ ਦੀਪ ਸਿੰਘ ਦੀ ਗਰਦਨ ‘ਤੇ ਬਹੁਤ ਗਹਿਰਾ ਫੱਟ ਲੱਗਿਆ ਪਰ ਬਾਬਾ ਦੀਪ ਸਿੰਘ ਸਿੰਘ ਨੇ ਇਕ ਹੱਥ ਨਾਲ ਗਰਦਨ ਨੂੰ ਸਹਾਰਾ ਦੇ ਕੇ ਦੂਜੇ ਹੱਥ ਨਾਲ ਖੰਡਾ ਵਾਹੁੰਣਾ ਸ਼ੁਰੂ ਕੀਤਾ ਤਾਂ ਦੁਸ਼ਮਨ ਦੀ ਫੌਜ ਅਜੇਹੀ ਬਹਾਦਰੀ ਦੇਖ ਕੇ ਭੱਜ ਉੱਠੀ। ਬਾਬਾ ਦੀਪ ਸਿੰਘ ਜੀ ਨੇ ਦਰਬਾਰ ਸਾਹਿਬ ਦੀ ਅਜ਼ਾਦੀ ਲਈ ਆਪਣੀ ਸ਼ਹਾਦਤ ਦਿੱਤੀ। ਸਿੱਖ ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦਰ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਦੀ ਤਰ੍ਹਾਂ ਸ਼ਹੀਦਾਂ ਦੀ ਕਤਾਰ ਬਹੁਤ ਲੰਮੀ ਹੈ। ਅਸੀਂ ਹਰ ਰੋਜ਼ ਸਵੇਰੇ ਸ਼ਾਮ ਅਰਦਾਸ ਵਿਚ ਯਾਦ ਕਰਦੇ ਹਾਂ ਕਿ ਜਿੰਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ‘ਤੇ ਚੜੇ, ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਈ, ਤਿਨ੍ਹਾਂ ਦੀ ਕਮਾਈ ਨੂੰ ਯਾਦ ਕਰਦੇ ਹਾਂ। ਦੁਖ ਦੀ ਗੱਲ ਹੈ ਕਿ ਚੋਪਹਿਰਾ ਭਗਤਾਂ ਨੇ ਬਾਬਾ ਦੀਪ ਸਿੰਘ ਦੀ ਮਹਾਨ ਸ਼ਹੀਦੀ ਦੇ ਫਲਸਫੇ ਨੂੰ ਹਿੰਦੂ ਕਰਮ-ਕਾਂਡ ਵਿਚ ਬਦਲ ਦਿੱਤਾ ਹੈ। ਉਧਰ ਹਨੂਮਾਨ ਚਲੀਹਾ ਕੱਟਿਆ ਜਾਂਦਾ ਹੈ ਤੇ ਏੱਥੇ ਚੋਪਹਿਰਾ ਕੱਟਣਾ ਸ਼ੁਰੂ ਹੋ ਗਿਆ। ਗੁਰਬਾਣੀ ਦੇ ਅਗੰਮੀ ਸਿਧਾਂਤ ਨੂੰ ਜਾਣਦਿਆਂ ਬੁਝਦਿਆਂ ਸਿੱਖਾਂ ਨੂੰ ਵਿਚਾਰਵਾਨ ਬਣਾਉਣ ਦੀ ਥਾਂ ‘ਤੇ ਭਰਮਾਂ ਵਹਿਮਾਂ ਵਿਚ ਪਾਇਆ ਜਾ ਰਿਹਾ ਹੈ। ॥ ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥ (594) ਜੋ ਕੁਝ ਚੌਪਹਿਰੇ ਦੇ ਨਾਂ ‘ਤੇ ਕੀਤਾ ਜਾ ਰਿਹਾ ਹੈ ਇਹ ਨਾ ਤਾਂ ਗੁਰਬਾਣੀ ਸਿਧਾਂਤ ਤੇ ਨਾ ਹੀ ਰਹਿਤ ਮਰਯਾਦਾ ਅਨੁਸਾਰ ਹੈ। ਇਹ ਸਾਰਾ ਕੁਝ ਮੰਦਰਾਂ ਦੀ ਤਰਜ਼ ‘ਤੇ ਹੋ ਰਿਹਾ ਹੈ।

ਦੇਸ-ਵਿਦੇਸ਼ ਵਿਚ ਬਾਬਾ ਦੀਪ ਸਿੰਘ ਜੀ ਨਾਂ ‘ਤੇ ਗੁਰਦੁਆਰੇ ਖੋਲ੍ਹ ਕੇ ਪੂਰਾ ਮਨਮਤੀ ਪ੍ਰਚਾਰ ਕੀਤਾ ਜਾ ਰਿਹਾ ਹੈ। ਇਹ ਸਾਰਾ ਕੁਝ ਹਿੰਦੂਤਵੀ ਮੰਦਰਾਂ ਤੇ ਦੇਵੀ ਦੇਵਤਿਆਂ ਦੀ ਪੂਜਾ ਵਾਂਗ ਕੀਤਾ ਜਾ ਰਿਹਾ ਹੈ। ਇਹ ਵੀ ਮੰਨਣਾ ਪਏਗਾ ਇਨ੍ਹਾਂ ਲੋਕਾਂ ਨੇ ਬਾਬਾ ਦੀਪ ਸਿੰਘ ਦੀ ਸ਼ਹਾਦਤ ਨੂੰ ਸਮਝਣ ਦੀ ਥਾਂ ‘ਤੇ ਕਰਮ-ਕਾਂਡ ਸ਼ੁਰੂ ਕਰ ਦਿੱਤਾ। ਕਾਸ਼ ਗੁਰਬਾਣੀ ਸਿਧਾਂਤ ਸਮਝਿਆ ਜਾਂਦਾ ਤਾਂ ਅਜੇਹੇ ਕਰਮ ਕਾਂਡ ਕਦੇ ਵੀ ਜਨਮ ਨਾ ਲੈਂਦੇ—॥ ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥ (88) ਅਤੇ ਜਿਨਾ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ ॥ (1418) ਚੋਪਹਿਰਿਆਂ ਦੇ ਵਹਿਮ ਵਿਚ ਪੈਣ ਦੀ ਥਾਂ ‘ਤੇ ਜੇ ਕੋਈ ਕਹੇ ਭਾਈ ਗੁਰਬਾਣੀ ਆਪ ਸੁਣ ਤੇ ਆਪ ਸਮਝੋ ਤੇ ਹੋਰਨਾਂ ਨੂੰ ਸਮਝਾਉਣ ਦਾ ਯਤਨ ਕਰੋ। ਅੰਧ ਭਗਤ ਕਹਿੰਦੇ ਹਨ ਕਿ ਜੀ ਇਹ ਗੁਰਬਾਣੀ ਪੜ੍ਹਨ ਤੋਂ ਰੋਕਦੇ ਹਨ। ਇਹ ਵੀ ਕਹਿੰਦੇ ਹਨ ਕਿ ਕੀ ਗੁਰਬਾਣੀ ਪੜ੍ਹਨੀ ਕੋਈ ਮਾੜੀ ਗੱਲ ਹੈ। ਨਹੀਂ ਜੀ ਕੋਈ ਮਾੜੀ ਗੱਲ ਨਹੀਂ ਹੈ, ਪਰ ਜਿਹੜਾ ਚੋਪਹਿਰਿਆ ਵਾਲਾ ਸਿਧਾਂਤ ਘੜਿਆ ਗਿਆ ਹੈ ਉਹ ਗੁਰਮਤਿ ਨਹੀਂ ਹੈ। ॥ ਪੜਿ ਥਕੇ ਸੰਤੋਖੁ ਨ ਆਇਓ ਅਨਦਿਨੁ ਜਲਤ ਵਿਹਾਇ ॥ ਕੂਕ ਪੂਕਾਰ ਨ ਚੁਕਈ ਨਾ ਸੰਸਾ ਵਿਚਹੁ ਜਾਇ ॥ ਨਾਨਕ ਨਾਮ ਵਿਹੂਣਿਆ ਮੁਹਿ ਕਾਲੈ ਉਠਿ ਜਾਇ॥ (647)

# ਰੱਬ ਕੀ ਸਭ ਦੇਖਦਾ ਹੈ?

ਬੰਦੇ ਸਵਾਲ ਪੁੱਛਿਆ ਤਾਂ ਮੈਂ ਕਿਹਾ ਹਾਂਅ!

ਰਬ ਕੋਲੇ ਡ੍ਰੋਨ ਨੇ ਜਿਹਦੀ ਮਰਜੀ ਫੋਟੋ ਖਿਚ ਲੈਂਦਾ ਅਮਰੀਕਾ ਤਰਾਂ ਤੇ ਫਿਰ ਵਾਰਨ ਵੀ ਕਰਦਾ ਕਿ ਗੁਆਂਢੀ ਦੀ ਹਦ ਕਿਓਂ ਲੰਘ ਰਿਹਾਂ ਜੇ ਕਿਸੇ ਗੋਲੀ ਮਾਰ ਦਿਤੀ। ਜੇ ਮੈਂ ਨਹੀ ਸੁਣਦਾ ਤਾਂ ਓਹ ਆਪ ਕੁਝ ਨਹੀ ਆਂਹਦਾ ਓਹ ਗੁਆਂਢੀ ਨੂੰ ਹੀ ਉਠਦਾ ਕਰ ਦਿੰਦਾ ਕਿ ਬਣ ਬਗਾ ਸ਼ੇਰ ਤੇ ਜਦ ਗੁਆਂਢੀ ਮੇਰੀਆਂ ਪੱਸਲੀਆਂ ਭੰਨਦਾ ਤਾਂ ਫਿਰ ਤੇਰੇ ਵਰਗਾ ਪੰਜਾਬ ਦੇ ਕਾਮਰੇਡਾਂ ਤਰਾਂ ਰਬ ਨੂੰ ਗਾਹਲਾਂ ਦੀ ਛੂਟ ਧਰ ਲੈਂਦਾ।

ਇਓਂ ਤਾਂ ਫਿਰ ਓਹ ਸਭ ਦੀ ‘ਸੀਕਰਸੀ’ ਰਖਦਾ ਜਿਹੜੀ ਗਲਤ ਐ।

ਤੈਂ ਕਦੇ ਪਸ਼ੂ ਪਾਲੇ ਜਾਂ ਰਖੇ? ਹਾਂ ਰਖੇ ਨੇ ਹਾਲਾਂ ਵੀ ਹੈਨ।

ਬਅਸ ਜਵਾਬ ਹੁਣ ਆਪੇ ਲਭਦਾ ਫਿਰ।

ਮੈ ਆਹਨਾ ਓਥੇ ਧਕਾ ਹੋਇਆ ਰਬ ਨਹੀ ਬਹੁੜਿਆ, ਇੱਜਤ ਲੁਟ ਹੋ ਗਈ ਰਬ ਨਹੀ ਬਹੁੜਿਆ, ਬੁਲਡੋਜਰ ਚਲ ਗਏ ਗਰੀਬਾਂ ਤੇ ਰਬ ਨਹੀ ਬਹੁੜਿਆ, ਕਹਿਰ ਵਰਤ ਗਿਆ ਰਬ ਨਹੀ ਬਹੁੜਿਆ।

ਮੇਰੀ ਰਬ ਬਾਰੇ ਦਰਅਸਲ ਧਾਰਨਾ ਹੀ ਗਲਤ ਐ।

ਮੈਨੂੰ ਜਾਪਦਾ ਮੇਰੀ ਕਮਾਈ ਦਾ ਅਧਾ ਹਿਸਾ ਟੈਕਸ ਰਾਹੀਂ ਤਾਂ ਰਬ ਲੈ ਜਾਂਦਾ ਪਰ ਸੁਰੱਖਿਆ ਦਿੰਦਾ ਕੋਈ ਨਹੀ ਕਰਨਾ ਕੀ ਅਜਿਹੇ ਰਬ ਦਾ। ਹਾਲਾਂ ਕਲ ਦਸਾਂ ਦਾ ਪ੍ਰਸ਼ਾਦ ਚੜਾਇਆ ਸੀ, ਪਰਸੋਂ ਹਾਲਾਂ 100 ਦੀ ਪਰਚੀ ਕਟਾਈ ਸੀ, ਮਹੀਨਾ ਨਹੀ ਹੋਇਆ ਦੋ ਬੋਰੀਆਂ ਕਣਕ ਦੀਆਂ ਬਾਬੇ ਲਦ ਲੈ ਗਏ ਰਬ ਦੇ ਘਰ ਲਈ ਪਰ ਮੁੰਡਾ ਫਿਰ ਵੀ ਬਿਮਾਰ, ਘਰਵਾਲੀ ਫਿਰ ਵੀ ਵੇਲਣਾ ਚੁਕੀ ਰਖਦੀ, ਕਰਜਾ ਫਿਰ ਵੀ ਸ਼ੈਤਾਨ ਦੀ ਆਂਤ ਤਰਾਂ ਵਧਦਾ ਆ ਰਿਹਾ।

ਮੈਂ ਪਿਟ ਬੁਲ ਨਾਂ ਦਾ ਖਤਰਨਾਕ ਕੁਤਾ ਪਾਲਿਆ ਇਕ ਦਿਨ ਉਸ ਮੇਰੀਆਂ ਹੀ ਲੀਰਾਂ ਕਰ ਮਾਰੀਆਂ ਪਰ ਪਰਾਂ ਰੋਂਦੀ ਘਰਵਾਲੀ ਕਰੀ ਜਾਵੇ ਹਾਇ ਦਸ ਰਬ ਨੇ ਸਾਡੇ ਤੇ ਹੀ ਕਹਿਰ ਕਰਨਾ ਸੀ।

3-4 ਕੁੜੀਆਂ ਮਾਰਕੇ ਮੁੰਡਾ ਜੰਮਿਆਂ ਪਰ ਵਡੇ ਹੋਏ ਜਦ ਪਿਓ ਦੇ ਹੀ ਕਾਲਰ ਫੜ ਲਏ ਤਾਂ ਪਿਓ ਕਰੀ ਜਾਵੇ ਰਬ ਕਰਕੇ ਇਦੋਂ ਤਾਂ ਨਾ ਹੀ ਜੰਮਦਾ।ਵੋਟਾਂ ਵੇਲੇ ਮੇਰੇ ਨਿਆਣਿਆਂ ਦੀਆਂ ਨਲੀਆਂ ਪੂੰਝਦੇ ਫਿਰਦੇ ਪਿਟ ਬੁਲ ਰਬ ਨੇ ਥੋੜੋਂ ਪਾਲੇ ਸਨ। ਕਾਲਰ ਫੜਨ ਵਾਲਾ ਨਿਆਣੀਆਂ ਦੇ ਗਲ ਘੁਟ ਕੇ ਮੈਂ ਹੀ ਤਾਂ ਪੈਦਾ ਕੀਤਾ ਸੀ ਫਿਰ ‘ਰਬ ਕਰਕੇ ‘ ਐਵੇ ਹੀ।ਧਰਮ ਕਮਾਓਂਣ ਦਾ ਵਿਸ਼ਾ ਐ ਪਰ ਜਦ ਮੈਂ ਧਰਮ ਦੇ ਨਾਂ ਤੇ ਖੁਦ ਦੀ ਈਗੋ ਨੂੰ ਵਡਾ ਕਰਨ ਦਾ ਵਿਸ਼ਾ ਬਣਾ ਲਿਆ ਤਾਂ ਖੰਜਰ ਤਾਂ ਨਿਕਲਦੇ ਹੀ ਸਨ, ਢਿਡ ਤਾਂ ਪਾਟਣੇ ਹੀ ਸਨ ਕਿਓਕਿੰ ਖੰਜਰਾਂ ਵਾਲਿਆਂ ਨੂੰ ਪਤਾ ਲਗ ਚੁਕਾ ਹੋਇਆ ਮੇਰੀ ਹਓਂ ਦੇ ਰਾਟ ਪਾਓਂਦੇ ਫਿਰਦੇ ਊਠ ਦਾ ਜਿਹੜਾ ਹਲਕਿਆ ਹੋਇਆ ਸੜਕਾਂ ਤੇ ਝਘ ਸੁਟਦਾ ਫਿਰ ਰਿਹਾ ਕਿ ਮੈਂ ਵਡਾ।-

**ਗੁਰਦੇਵ ਸਿੰਘ ਸੱਧੇਵਾਲੀਆ**


**ਪੰਜਾਬੀ, ਹਿੰਦੀ ਵਿੱਚ ਵੀ ਗੱਲ ਕਰਦੇ ਹਾਂ**

**Rx FAMILY CARE PHARMACY**

- FREE blister/bubble packing for better compliance
- FREE delivery
- OPEN 7 days a week *including* **Holidays**
- FULL line of home health care/ostomy/wound care
- FULL line of vitamins, supplements, herbs & homeopathy

* ਫਰੀ ਬਲਿਸਟਰ / ਬੱਬਲ ਪੈਕਿੰਗ, ਇੱਛਾ ਮੁਤਾਬਿਕ   * ਮੁਫਤ ਡਲਿਵਰੀ
* ਹਫਤੇ ਦੇ ਸੱਤੇ ਦਿਨ ਤੇ ਛੁੱਟੀ ਦੇ ਦਿਨ ਵੀ ਖੁੱਲੇ ਰਹਿੰਦੇ ਹਾਂ
* ਹਰ ਤਰਾਂ ਦੀਆਂ ਸਿਹਤ ਸੇਵਾਵਾਂ ਸਬੰਧੀ ਸਭ ਦੁਆਈਆਂ, ਅਸਟੋਮੀ, ਜਖਮ ਕੇਅਰ
* ਹਰ ਤਰਾਂ ਦੇ ਵਿਟਾਮਿਨ, ਸਪਲੀਮੈਂਟ, ਹਰਬਲ **WE DO TRAVEL SHOTS**
* ਹੋਮਿਓਪੈਥਿਕ ਦਵਾਈਆਂ ਲਈ ਬੀ ਸੀ ਦੀ ਨੰਬਰ 1 ਫਾਰਮੇਸੀ

**FREE CONSULTATIONS**

**Open Hours**
Sun:10:00 AM - 4:00 PM
Mon to Thurs:7:00 AM - 8:00 PM
Fri: 7AM - 8 PM Sat:9 AM - 6PM

◆ ਫ਼ਲੂ ਦੇ ਟੀਕੇ ਲਗਾਏ ਜਾਂਦੇ ਹਨ।
◆ ਸ਼ੂਗਰ ਟੈਸਟ ਕੀਤਾ ਜਾਂਦਾ ਹੈ
◆ ਟਰੈਵਲ ਕਰਨ ਲਈ ਜਾ ਇੰਡੀਆ ਜਾਣ ਲਈ ਕਿਹੜੇ ਕਿਹੜੇ ਸ਼ਾਟਸ/ਟੀਕੇ ਲਗਵਾਉਣੇ ਚਾਹੀਦੇ ਹਨ, ਉਸਦੀ ਸਲਾਹ ਵੀ ਦਿੰਦੇ ਹਾਂ।

**SURREY**
12815 96 Ave, Surrey
Ph:604-581-1900

**DELTA**
8925-120 Street, Delta
Ph:604-599-4318

**WHITE ROCK**
1539 Johnston Road
Ph:604-536-1300



**ਮਨ ਮਨੁੱਖ ਦੀ ਕੁੰਜੀ ਹੈ**   **Mind is the key to the man.**

**NATURAL HOMEOPATHIC SOLUTIONS**

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ


**For Abbotsford**
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

**For Surrey**
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com


# ਚੀਨ ਨੇ ਪਾਕਿਸਤਾਨ ਵੱਲੋਂ ਚੀਨੀ ਤਕਨਾਲੌਜੀ ਦੀ ਪ੍ਰਭਾਵਸ਼ਾਲੀ ਵਰਤੋਂ ਦੀ ਕੀਤੀ ਸ਼ਲਾਘਾ


ਇਸਲਾਮਾਬਾਦ:-ਚੀਨੀ ਰਾਜਦੂਤ ਜਿਆਂਗ ਜ਼ੈਦੋਂਗ ਨੇ ਇਸਲਾਮਾਬਾਦ ਵਿੱਚ ਪਾਕਿਸਤਾਨ ਹਵਾਈ ਸੈਨਾ ਹੈੱਡਕੁਆਰਟਰ ਦਾ ਅਧਿਕਾਰਤ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਏਅਰ ਚੀਫ ਮਾਰਸ਼ਲ ਜ਼ਹੀਰ ਅਹਿਮਦ ਬਾਬਰ ਸਿੱਧੂ ਨਾਲ ਮੁਲਾਕਾਤ ਕੀਤੀ। ਮੁਲਾਕਾਤ ਦੌਰਾਨ, ਦੋਵਾਂ ਧਿਰਾਂ ਨੇ ਰੱਖਿਆ ਸਹਿਯੋਗ ਅਤੇ ਵਿਕਸਤ ਹੋ ਰਹੇ ਭੂ-ਰਣਨੀਤਕ ਵਾਤਾਵਰਣ ਸਮੇਤ ਆਪਸੀ ਹਿੱਤਾਂ ਦੇ ਮਾਮਲਿਆਂ 'ਤੇ ਚਰਚਾ ਕੀਤੀ।ਏਅਰ ਚੀਫ਼ ਨੇ ਚੀਨ ਦੇ ਨਿਰੰਤਰ ਸਮਰਥਨ ਅਤੇ ਅਟੁੱਟ ਦੋਸਤੀ ਲਈ ਧੰਨਵਾਦ ਪ੍ਰਗਟ ਕੀਤਾ। ਦੋਵਾਂ ਧਿਰਾਂ ਨੇ ਉੱਭਰ ਰਹੀਆਂ ਖੇਤਰੀ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਵਧੇ ਹੋਏ ਤਾਲਮੇਲ ਅਤੇ ਸਹਿਯੋਗ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਰਾਜਦੂਤ ਜਿਆਂਗ ਨੇ ਹਾਲ ਹੀ ਵਿੱਚ ਪਾਕਿਸਤਾਨ-ਭਾਰਤ ਤਣਾਅ ਦੌਰਾਨ ਪਾਕਿਸਤਾਨ ਹਵਾਈ ਸੈਨਾ ਦੀ ਬੇਮਿਸਾਲ ਸੰਚਾਲਨ ਯੋਗਤਾ ਦੀ ਵਿਸ਼ੇਸ਼ ਤੌਰ 'ਤੇ ਪ੍ਰਸ਼ੰਸਾ ਕੀਤੀ।


SAMARA FRAMING LTD
RESIDENTIAL & COMMERCIAL
ਵਰਕਰਾਂ ਦੀ ਲੋੜ
ਸਾਡੇ ਕੋਲ LMIA ਉਪਲਬਧ ਹਨ
ਸਰੀ ਦੀ ਮਸ਼ਹੂਰ ਫਰੇਮਿੰਗ ਕੰਪਨੀ (ਸਮਾਰਾ ਫਰੇਮਿੰਗ ਲਿਮ:) ਵਾਲਿਆਂ ਨੂੰ ਵਰਕਰਾਂ ਦੀ ਤੁਰੰਤ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਵਧੀਆ ਦਿੱਤੀ ਜਾਵੇਗੀ। ਨਵੇਂ ਵੀ ਅਪਲਾਈ ਕਰ ਸਕਦੇ ਹਨ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪ੍ਰਬੰਧ। ਕੰਮ ਫੁੱਲ ਟਾਈਮ ਹਫਤੇ ਵਿਚ 6 ਦਿਨ ਚੱਲੇਗਾ।
ਹੋਰ ਜਾਣਕਾਰੀ ਲਈ ਸੰਪਰਕ ਕਰੋ
ਬਲਜੀਤ 604-561-5467, ਗੈਰੀ 604-816-8422

GAUTAM & ASSOCIATES
TRIAL LAWYERS


OUR AREAS OF EXPERTISE
*PERSONAL INJURY LAW *PROHIBITIONS *FAMILY LAW
*VISA REFUSALS *CIVIL AND COMMERCIAL
*IMMEDIATE ROADSIDE *LITIGATION *WILLS AND ESTATES
ਅੱਜ ਹੀ ਸੰਪਰਕ ਕਰੋ
604-593-5310
Email:dkgautam@galawyers.ca
#210-8028-128St, Surrey, BC

DREAM BANQUET HALL
Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events

Capacity 350-375 seats
Dream Catering "Your Venue, Our Food"
We provide various Menu Options to choose
ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ, ਸੈਮੀਨਾਰ, ਫੰਡ ਰੇਜ਼ਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ
For Bookings, Contact: 604-203-7272
7236 -120St, Surrey, BC Email:info@dreambanquethall.ca

.Ck Auto.
CK AUTO SERVICES LTD.

Tune Ups Oil Change
Wheel alignment
Transmission Electrical
Air Condition
Electronic Fuel Injection
Brakes Repairs
Propane & Natural Gas
Computerized Wheel Alignment
Tires & Wheel Balancing
AUTO REPAIR SERVICES

-REASONABLE RATES
-EXPERIENCED -QUALITY WORK
.Ck Auto.

TARSHOTAM BIRAN
Cell: 778-322-1610
Tel: 604-592-2667
#106-13112-84th Ave.,Surrey
Open Mon to Sat 9 am to 6pm
SUNDAY CLOSED

# ਭਾਰਤੀ ਪ੍ਰਚਾਰ ਦਾ ਮੁਕਾਬਲਾ ਕਰਨ ਲਈ ਪਾਕਿਸਤਾਨ ਵੱਲੋਂ ਵਿਦੇਸ਼ਾਂ ਨੂੰ ਵਫਤ ਭੇਜਣ ਦੀ ਤਿਆਰੀ

ਇਸਲਾਮਾਬਾਦ:- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤ ਦੁਆਰਾ ਕੀਤੇ ਜਾ ਰਹੇ ਝੂਠੇ ਪ੍ਰਚਾਰ ਦਾ ਪਰਦਾਫਾਸ਼ ਕਰਨ ਲਈ ਪਾਕਿਸਤਾਨ ਦੁਨੀਆ ਭਰ ਵਿੱਚ ਵਫ਼ਦ ਭੇਜਣ ਦੀ ਤਿਆਰੀ ਕਰ ਰਿਹਾ ਹੈ। ਪਾਕਿਸਤਾਨ ਵਿਦੇਸ਼ ਮੰਤਰਾਲੇ ਦੇ ਸੀਨੀਅਰ ਅਧਿਕਾਰੀਆਂ ਨੇ ਮੰਗਲਵਾਰ ਨੂੰ ਸਬੰਧਤ ਮੁੱਦਿਆਂ 'ਤੇ ਵਫ਼ਦਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਪਾਕਿਸਤਾਨ-ਭਾਰਤ ਸਬੰਧਾਂ ਦੀ ਮੌਜੂਦਾ ਸਥਿਤੀ ਅਤੇ ਭਵਿੱਖ ਦੀਆਂ ਸੰਭਾਵਨਾਵਾਂ 'ਤੇ ਚਰਚਾ ਕਰਨ ਲਈ ਵਿਦੇਸ਼ ਮੰਤਰਾਲੇ ਵਿਖੇ ਇੱਕ ਉੱਚ-ਪੱਧਰੀ ਮੀਟਿੰਗ ਹੋਈ। ਮੀਟਿੰਗ ਵਿੱਚ ਪਾਕਿਸਤਾਨ ਪੀਪਲਜ਼ ਪਾਰਟੀ ਦੇ ਚੇਅਰਮੈਨ ਬਿਲਾਵਲ ਭੁੱਟੋ ਜ਼ਰਦਾਰੀ, ਸੈਨੇਟਰ ਸ਼ੈਰੀ ਰਹਿਮਾਨ, ਰਾਜ ਮੰਤਰੀ ਹਿਨਾ ਰੱਬਾਨੀ ਖਾਰ, ਖੁਰਮ ਦਸਤਗੀਰ ਖਾਨ, ਡਾ. ਮੁਸਾਦਿਕ ਮਲਿਕ ਅਤੇ ਹੋਰ ਅਧਿਕਾਰੀ ਸ਼ਾਮਲ ਹੋਏ। ਚੇਤੇ ਇਸ ਪਹਿਲਾਂ ਭਾਰਤ ਨੇ ਵੀ ਇੱਕ ਵਫਦ ਵਿਦੇਸ਼ਾ ਵਿੱਚ ਭੇਜਣ ਦੀ ਤਿਆਰੀ ਕੀਤੀ ਹੈ ਤਾਂ ਕਿ ਭਾਰਤੀ ਪੱਖ ਦੁਨੀਆ ਨੂੰ ਦੱਸਿਆ ਜਾ ਸਕੇ।


Shaadi Shop
Exclusive Indian Wedding Accessories
Ladies Tailoring Service *Lining Suit $70 *Simple Suit $40
Shagun/Rangoli Supplies
Sahe Chiti, Choora/Jewelery Box
Maiyan Fati, Haldi Sets & More
Rentals:Jago-dholki, stools
Fresh Fruit-Dry Fruit-Shagun Baskets
ਵਿਆਹ ਸ਼ਾਦੀ ਤੇ ਸ਼ਗਨ/ਰੰਗੋਲੀ ਸਪਲਾਈ, ਸਾਹੇ ਚਿੱਠੀ/ਚੂੜਾ/ਜਿਊਲਰੀ ਬਾਕਸ, ਜਾਗੋ-ਢੋਲਕੀ-ਸਟੂਲ ਰੈਂਟਲ ਆਦਿ ਲਈ ਸਾਡੇ ਨਾਲ ਸੰਪਰਕ ਕਰੋ
Serving All Areas from Blaine WA to Seattle WA
360-201-0240
16 may



www.deltondentures.com
DELTON DENTURE CLINIC LTD.
Denturists Are Denture Specialist
ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ
"We accept CANADIAN DENTAL CARE PLAN for Dentures"
- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards
ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ
WE ARE DENTURISTS
CONSUMER CHOICE AWARD 2018 VANCOUVER
Business Category Denturist
ਅਸੀਂ ਜੁਬਾੜੇ ਬਣਾਉਂਦੇ ਹਾਂ
Get a Beautiful Smile


Chris Kozakiewicz
BSc., R.D.
Mon-Fri: 9am-5pm, Saturdays By Appointment
Scott 72 Shopping Centre
#209- 7313-120th St., Delta ( Above London Drugs & Staples )
604.590.1111



• ਇੰਸ਼ੋਰੈਂਸ ਦੀਆਂ ਸਾਰੀਆਂ ਵੱਡੀਆਂ ਪਲੈਨਾਂ ਲੈਂਦੇ ਹਾਂ • ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਬੋਲਦੇ ਹਾਂ
• ਸ਼ਾਮ ਅਤੇ ਵੀਕਐਂਡ ਦੀਆਂ ਅਪਾਇੰਟਮੈਂਟਾਂ ਉਪਲਬੱਧ ਹਨ • ਸਕਾਟ ਰੋਡ ਗੁਰਦਵਾਰਾ ਦੇ ਨੇੜੇ, ਸਤਨਾਮ ਪਲਾਜ਼ਾ ਵਿੱਚ
ਪਿਛਲੇ 10 ਸਾਲਾਂ ਤੋਂ ਉੱਪਰ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ ਹਾਂ
For your family.. healthy beautiful smiles!

ਸੇਵਾਵਾਂ :
- ਜਾੜ ਭਰਨੀ
- ਦੰਦ ਕੱਢਣੇ
- ਕਰਾਊਨ ਤੇ ਬ੍ਰਿਜ
- ਡਿਜੀਟਲ ਐਕਸਰੇ
- ਵਾਈਟ ਫਿਲਿੰਗਸ
- ਦੰਦਾਂ ਦੀ ਸਫਾਈ ਅਤੇ ਚੈੱਕਅੱਪ
SERVICES:
- Extractions
- White Fillings
- Root Canals
- Crown & Bridge
- Digital X-Rays
- Teeth Cleaning & Checkup
- All Major Insurance Plans Accepted
- Punjabi, Hindi, Urdu Spoken
- New Patients Welcome
Evening & Weekend Appointment Available
Practising For Over 10 Years
ਇਮਰਜੈਂਸੀ ਅਪਾਇੰਟਮੈਂਟਾਂ ਉਪਲਬੱਧ ਹਨ
EVERSHINE DENTISTRY
EVERSHINE FAMILY DENTISTRY
ਤੁਹਾਡੇ ਪਰਿਵਾਰ ਲਈ...ਤੰਦਰੁਸਤ ਤੇ ਸੁੰਦਰ ਮੁਸਕਾਨ

604.593.6515
#111 - 7130 120th Street, Surrey, BC
Near Guru Nanak Sikh Gurdwara
Ground Floor of Satnam Plaza
(FREE AMPLE PARKING)

Dr. Anjanpal Kaur Bhalla
www.evershinedental.ca
ਡਾ. ਅੰਜਨਪਾਲ ਕੌਰ ਭੱਲਾ



ODS
ORIENT Driving School Ltd.
*Air Brake Course *Individual Lessons *Corporate Training

Class 1, Class 3, Class 4, Class 5, Class 7
We speak English, Punjabi & Hindi
* ਘਰ ਤੋਂ ਫਰੀ ਲੈ ਕੇ ਜਾਣ ਅਤੇ ਛੱਡਣ ਦਾ ਪ੍ਰਬੰਧ ਹੈ
* ਘੱਟ ਸਮੇਂ ਵਿਚ ਵਾਜਿਬ ਰੇਟਾਂ ਤੇ ਵਧੀਆ ਸਿਖਲਾਈ
* ਰੋਡ ਟੈਸਟ ਵਾਸਤੇ ਕਾਰ ਵੀ ਦਿੰਦੇ ਹਾਂ


Mr. Malhi: 778-444-0111
Certified Instructor/Examiner
PAUL: 778-444-3444
Email:info@orientdrivingschool.com Web:www.orientdrivingschool.com

# 108 ਸੰਤ ਬਾਬਾ ਉਂਕਾਰ ਨਾਥ ਜੀ

## ਪਿੰਡ ਕਾਲਾ ਬਾਹੀਆਂ ਜ਼ਿਲ੍ਹਾ ਜਲੰਧਰ ਵਾਲਿਆਂ ਦੀ 38ਵੀਂ ਬਰਸੀ 25 ਮਈ ਦਿਨ ਐਤਵਾਰ ਨੂੰ ਮਨਾਈ ਜਾ ਰਹੀ ਹੈ



## ਪ੍ਰੋਗਰਾਮ

ਆਰੰਭ ਸ੍ਰੀ ਅਖੰਡਪਾਠ ਸਾਹਿਬ
23 ਮਈ ਦਿਨ ਸ਼ੁੱਕਰਵਾਰ ਸਵੇਰੇ 9 ਵਜੇ
ਭੋਗ ਸ੍ਰੀ ਅਖੰਡਪਾਠ ਸਾਹਿਬ
25 ਮਈ ਦਿਨ ਐਤਵਾਰ ਸਵੇਰੇ 9 ਵਜੇ

ਮਹਾਨ ਤਪੱਸਵੀ, ਸੇਵਾ ਦੇ ਪੁੰਜ, 108 ਸੰਤ ਬਾਬਾ ਉਂਕਾਰ ਨਾਥ ਜੀ ਦੀ ਬਰਸੀ ਪਿੰਡ ਕਾਲਾ ਬਾਹੀਆਂ (ਜਲੰਧਰ) ਅਤੇ ਸਮੂਹ ਇਲਾਕਾ ਨਿਵਾਸੀਆਂ ਵੱਲੋਂ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਸਰੀ (152 ਸਟਰੀਟ ਅਤੇ 68 ਐਵੇਨਿਉ) ਵਿਖੇ ਸ਼ਰਧਾ ਅਤੇ ਪ੍ਰੇਮ ਸਹਿਤ ਮਨਾਈ ਜਾ ਰਹੀ ਹੈ। ਇਸ ਸਬੰਧ ਵਿਚ 23 ਮਈ ਦਿਨ ਸ਼ੁੱਕਰਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ ਭੋਗ 25 ਮਈ ਦਿਨ ਐਤਵਾਰ ਨੂੰ ਸਵੇਰੇ ਪਾਏ ਜਾਣਗੇ। ਭੋਗ ਉਪਰੰਤ ਕੀਰਤਨੀ ਜਥੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਕਥਾਵਾਚਕ ਮਹਾਂਪੁਰਖਾਂ ਦੇ ਜੀਵਨ ਤੇ ਚਾਨਣਾ ਪਾਉਣਗੇ। ਸਮੂਹ ਇਲਾਕਾ ਨਿਵਾਸੀ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਤਿੰਨੇ ਦਿਨ ਗੁਰੂਘਰ ਪਹੁੰਚ ਕੇ ਤਨ, ਮਨ ਤੇ ਧਨ ਨਾਲ ਸੇਵਾ ਕਰ ਕੇ ਲਾਹੇ ਪ੍ਰਾਪਤ ਕਰੋ ਜੀ।

| ਸ਼ਿੰਦਰ ਲਿੱਦੜਾਂ | ਤਜਿੰਦਰ ਸਿੰਘ (ਟੀ ਜੇ) | ਸੁਖਵੀਰ ਸਿੰਘ ਸ਼ੀਰਾ | ਮੱਖਣ ਸਿੰਘ ਬਾਹੀਆ | ਪਰਮਜੀਤ (ਪੰਮਾ) |
|---|---|---|---|---|
| 604-783-6437 | 778-859-1724 | 604-446-7033 | 604-307-4675 | 778-859-1724 |



MB BRAR & Co.
Accounting & Business Professionals

## INCOME TAX ਇਨਕਮ ਟੈਕਸ

Nil Income Still Eligible For Refunds. E-file For Faster Refunds

ਸਾਨੂੰ ਵਧੀਆ ਅਤੇ ਭਰੋਸੇਯੋਗ ਸੇਵਾਵਾਂ ਲਈ ਮਿਲੋ:

For Prompt, Polite And Professional Services, Please See Us

- Personal Tax (T1) • ਪਰਸਨਲ ਟੈਕਸ
- Sole Proprietor • ਪ੍ਰੋਪਰਾਇਟਰ
- Corporate Tax (T2) • ਕੋਰਪੋਰੇਟ ਟੈਕਸ
- Partnerships • ਪਾਰਟਨਰਸ਼ਿਪ
- GST, PST & HST • ਜੀ.ਐਸ.ਟੀ., ਪੀ.ਐਸ.ਟੀ. ਅਤੇ ਐਚ.ਐਸ.ਟੀ.
- WCB • ਡਬਲਿਊ.ਸੀ.ਬੀ.
- CRA Reviews • ਸੀ.ਆਰ.ਏ. ਰਿਵੀਊਜ਼
- Business Planning • ਬਿਜਨਿਸ ਪਲੈਨਿੰਗ

All Revenue Canada applications and inquiries.

**Mandeep Brar: 778-908-3317**
mandeep@brarco.ca





## Continental Immigration Solutions

"Helping Make Canada Home"

- Super Visa • ਸੁਪਰ ਵੀਜ਼ਾ
- Permanent Residence • ਪਰਮਾਨੈਂਟ ਰੇਜੀਡੈਂਸ
- Study Permit • ਸਟੱਡੀ ਪਰਮਿਟ
- Work Permit • ਵਰਕ ਪਰਮਿਟ
- Provincial Nominations • ਪ੍ਰੋਵਿੰਸ਼ੀਅਲ ਨੌਮੀਨੇਸ਼ਨਜ
- Spousal Sponsorship • ਪਤੀ/ਪਤਨੀ ਸਪੌਂਸਰਸ਼ਿਪ

**Sukhvir Chand** RCIC, BBA
**778-549-6851**
sukh@cisonline.ca

CAPIC ACCP
www.cisonline.ca
Commissioner of Oaths for British Columbia
Member of CAPIC
iccrc crcic

Unit 101 32883 South Fraser Way Abbotsford British Columbia V2S 2A6 | Tel: 604-852-3201 | Fax: 604-852-3284

ੴ

TRUTH IS THE HIGHEST OF ALL THINGS:
HIGHER STILL IS TRUTHFUL LIVING -GURU NANAK DEV JI

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ

12885-85Ave. Surrey, BC V3W 0K8 Canada






## ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ ਵਿਖੇ ਹੋ ਰਹੇ ਇਸ ਹਫਤੇ ਦੇ ਪ੍ਰੋਗਰਾਮਾਂ ਦਾ ਵੇਰਵਾ

ਜੂਨ 1984 ਦੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਯਾਦ ‘ਚ 6 ਜੂਨ ਦਿਨ ਸ਼ੁੱਕਰਵਾਰ ਸਵੇਰੇ 6 ਵਜੇ 25 ਸ਼੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਅਤੇ 8 ਜੂਨ ਦਿਨ ਐਤਵਾਰ ਭੋਗ ਪਾਏ ਜਾਣਗੇ।

ਇਸ ਹਫਤੇ ਗੁਰੂਘਰ ਵਿਖੇ ਪ੍ਰਕਾਸ਼ ਪੁਰਬ ਸ੍ਰੀ ਗੁਰੂ ਅਮਰਦਾਸ ਜੀ, ਸ਼ਹੀਦੀ ਭਾਈ ਰਜਿੰਦਰ ਸਿੰਘ ਰਾਜੂ ਅਤੇ ਕਾਮਾਗਾਟਾਮਾਰੂ ਜਹਾਜ ਵੈਨਕੂਵਰ ਪੁੱਜਾ
*23 ਮਈ ਦਿਨ ਸ਼ੁੱਕਰਵਾਰ ਆਨੰਦ ਕਾਰਜ ਭਾਈ ਪਿੰਦਰ ਸਿੰਘ ਬੈਂਸ ਪਰਿਵਾਰ ਵੱਲੋਂ
*23 ਮਈ ਦਿਨ ਸ਼ੁੱਕਰਵਾਰ 4 ਪਰਿਵਾਰਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ:
(1) ਭਾਈ ਬਲਜਿੰਦਰਪਾਲ ਸਿੰਘ ਢਿੱਲੋਂ (2) ਭਾਈ ਅਮਰਜੀਤ ਸਿੰਘ ਕੁਲਾਰ (3) ਭਾਈ ਰਣਬੀਰ ਸਿੰਘ ਥਾਂਦੀ (4) ਭਾਈ ਕਰਨ ਸਿੰਘ ਕਲੇਰ
*23 ਮਈ ਦਿਨ ਸ਼ੁੱਕਰਵਾਰ ਫਿਊਨਰਲ 2:30 ਵਜੇ ਬੀਬੀ ਪ੍ਰਕਾਸ਼ ਕੌਰ ਅਟਵਾਲ, ਗੁਰੂਘਰ ਵਿਖੇ ਬੀਬੀ ਜੀ ਨਮਿਤ ਅੰਤਮ ਅਰਦਾਸ 4 ਵਜੇ ਹੋਵੇਗੀ।
*24 ਮਈ ਦਿਨ ਸ਼ਨਿੱਚਰਵਾਰ ਅਨੰਦ ਕਾਰਜ ਭਾਈ ਰਾਜਵਿੰਦਰ ਸਿੰਘ ਲਾਲੀ ਪਰਿਵਾਰ ਵੱਲੋਂ
*24 ਮਈ ਦਿਨ ਸ਼ਨਿੱਚਰਵਾਰ ਫਿਊਨਰਲ ਸ਼ਾਮ 3 ਵਜੇ ਮਾਤਾ ਹਰਜੀਤ ਕੌਰ ਢਿੱਲੋਂ:ਅੰਤਿਮ ਅਰਦਾਸ 4:30 ਵਜੇ
*24 ਮਈ ਦਿਨ ਸ਼ਨਿੱਚਰਵਾਰ 2 ਵਜੇ ਫਿਊਨਰਲ ਭਾਈ ਸੁਖਦੇਵ ਸਿੰਘ ਸੰਧੂ:ਅੰਤਿਮ ਅਰਦਾਸ 4 ਵਜੇ ਹੋਵੇਗੀ
*24 ਮਈ ਦਿਨ ਸ਼ਨਿੱਚਰਵਾਰ 2 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਪਾਠ ਤੇ ਲੰਗਰ ਸੇਵਾ( ਹੋਵੇਗੀ:
1) ਭਾਈ ਭੁਪਿੰਦਰ ਸਿੰਘ ਪਿੰਦੀ (2) ਭਾਈ ਰਣਜੀਤ ਸਿੰਘ ਗਿੱਲ
*25 ਮਈ ਦਿਨ ਐਤਵਾਰ 3 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਤੇ ਲੰਗਰ ਦੀ ਸੇਵਾ ਹੋਵੇਗੀ:
(1 )ਬੀਬੀ ਨਿਸ਼ਾਨ ਕੌਰ (2) ਬੀਬੀ ਨਰਿੰਦਰ ਕੌਰ (3) ਭਾਈ ਜੈਰਿਕ ਸਿੰਘ ਉਜਲ
*25 ਮਈ ਦਿਨ ਐਤਵਾਰ ਸ਼ਾਮ 3 ਵਜੇ ਫਿਊਨਰਲ ਭਾਈ ਅਮਰੀਕ ਸਿੰਘ ਗਿੱਲ:ਅੰਤਿਮ ਅਰਦਾਸ 4.30 ਵਜੇ
*25 ਮਈ ਦਿਨ ਐਤਵਾਰ ਭੋਗ ਸਹਿਜ ਪਾਠ ਸਾਹਿਬ ਭਾਈ ਪ੍ਰਭਦਿਆਲ ਸਿੰਘ ਕੰਗ ਪਰਿਵਾਰ ਵੱਲੋਂ
*25 ਮਈ ਦਿਨ ਐਤਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਮਾਤਾ ਪ੍ਰਕਾਸ਼ ਕੌਰ ਧਾਮੀ ਨਮਿੱਤ।
*25 ਮਈ ਦਿਨ ਐਤਵਾਰ 2 ਵਜੇ ਫਿਊਨਰਲ ਭਾਈ ਮਨਜੀਤ ਸਿੰਘ ਭੁੰਡੀ: ਅੰਤਿਮ ਅਰਦਾਸ ਸ਼ਾਮ 4 ਵਜੇ ਹੋਵੇਗੀ
*ਫਿਊਨਰਲ 27 ਮਈ ਦਿਨ ਮੰਗਲਵਾਰ 2:30 ਵਜੇ: ਅੰਤਿਮ ਅਰਦਾਸ 4:30 ਵਜੇ ਹੋਵੇਗੀ।

7 ਜੂਨ ਦਿਨ
ਸ਼ਨਿੱਚਰਵਾਰ ਸਵੇਰੇ 7 ਵਜੇ
ਅੰਮ੍ਰਿਤ ਸੰਚਾਰ ਹੋਵੇਗਾ

**ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰਾਂ ਸਮੇਤ
ਗੁਰੂ ਦਰਬਾਰ ਵਿਚ ਹਾਜਰੀ ਭਰ ਕੇ ਤਨ, ਮਨ, ਧਨ ਨਾਲ ਸੇਵਾ ਕਰ ਕੇ ਜੀਵਨ ਸਫਲਾ ਕਰੋ ਜੀ**

**ਗੁਰਦੁਆਰਾ ਸਾਹਿਬ ਵਿਖੇ ਕੋਈ ਵੀ ਸੇਵਾ ਲੈਣ ਅਤੇ ਵਧੇਰੇ ਜਾਣਕਾਰੀ
ਪ੍ਰਾਪਤ ਕਰਨ ਲਈ 604-594-2574 ਤੇ ਸੰਪਰਕ ਕਰੋ ਜੀ**

# ਦਰਅਸਲ:ਕੀ ਭਾਰਤ ਵਿੱਚ ਮੁਸਲਮਾਨ ਹੋਣਾ ਜ਼ੁਰਮ ਹੈ?

ਅਸ਼ੋਕਾ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਮੁਖੀ ਡਾ. ਅਲੀ ਖਾਨ ਮਹਿਮੂਦਾਬਾਦ ਵੱਲੋਂ ਭਾਰਤ-ਪਾਕਿਸਤਾਨ ਲੜਾਈ ਦੌਰਾਨ ਦੋ ਮਹਿਲਾ ਫੌਜੀ ਅਫਸਰਾਂ ਕਰਨਲ ਸੋਫੀਆ ਕੁਰੈਸ਼ੀ ਤੇ ਵਿੰਗ ਕਮਾਂਡਰ ਵਯੋਮਿਕਾ ਸਿੰਘ ਵੱਲੋਂ 'ਅਪ੍ਰੇਸ਼ਨ ਸਿੰਧੂਰ' ਤਹਿਤ ਫੌਜ ਵੱਲੋਂ ਕੀਤੀ ਗਈ ਕਾਰਵਾਈ ਸੰਬੰਧੀ ਪ੍ਰੈੱਸ ਬ੍ਰੀਫਿੰਗ ਨੂੰ ਲੈ ਕੇ ਫੇਸਬੁਕ 'ਤੇ ਪਾਈ ਪੋਸਟ ਦੇ ਸੰਦਰਭ ਵਿੱਚ ਹਰਿਆਣਾ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰੇਣੂ ਭਾਟੀਆ ਅਤੇ ਹਰਿਆਣਾ ਵਿੱਚ ਭਾਰਤੀ ਜਨਤਾ ਯੁਵਾ ਮੋਰਚਾ ਦੇ ਜਨਰਲ ਸਕੱਤਰ ਤੇ ਪਿੰਡ ਜਠੇਰੀ ਦੇ ਸਰਪੰਚ ਯੋਗੇਸ਼ ਜਠੇਰੀ ਨੇ ਸ਼ਨੀਵਾਰ ਦੀ ਰਾਤ ਸੋਨੀਪਤ ਦੇ ਰਾਈ ਥਾਣੇ ਵਿੱਚ ਵੱਖ-ਵੱਖ ਐੱਫ ਆਈ ਆਰ ਦਰਜ ਕਰਵਾਈਆਂ ਅਤੇ ਪੁਲਸ ਨੇ ਐਤਵਾਰ ਦਿਨ ਚੜ੍ਹਦਿਆਂ ਹੀ ਡਾ. ਮਹਿਮੂਦਾਬਾਦ ਨੂੰ ਦਿੱਲੀ ਸਥਿਤ ਉਸ ਦੇ ਘਰੋਂ ਗ੍ਰਿਫਤਾਰ ਕਰ ਲਿਆ। ਯੋਗੇਸ਼ ਜਠੇਰੀ ਨੇ ਸ਼ਿਕਾਇਤ ਕੀਤੀ ਸੀ ਕਿ ਡਾ. ਮਹਿਮੂਦਾਬਾਦ ਨੇ ਅਪ੍ਰੇਸ਼ਨ ਸਿੰਧੂਰ ਬਾਰੇ ਜੋ ਲਿਖਿਆ, ਉਸ ਨਾਲ ਉਸ ਨੂੰ ਬਹੁਤ ਦੁੱਖ ਪੁੱਜਾ ਹੈ।

ਡਾ. ਮਹਿਮੂਦਾਬਾਦ ਦੀ ਜਿਹੜੀ ਪੋਸਟ ਨੇ ਭਾਜਪਾ ਆਗੂ ਤੇ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਨੂੰ ਦੁਖੀ ਕੀਤਾ, ਉਹ ਇਹ ਹੈ,:_

'ਮੈਨੂੰ ਇਹ ਦੇਖ ਕੇ ਬਹੁਤ ਖੁਸ਼ੀ ਹੋਈ ਕਿ ਏਨੇ ਸਾਰੇ ਸੱਜ-ਪਿਛਾਖੜੀ ਟਿੱਪਣੀਕਾਰ ਕਰਨਲ ਸੋਫੀਆ ਕੁਰੈਸ਼ੀ ਦੀ ਸ਼ਲਾਘਾ ਕਰ ਰਹੇ ਹਨ, ਪਰ ਸ਼ਾਇਦ ਉਹ ਓਨੀ ਹੀ ਜ਼ੋਰ ਨਾਲ ਇਹ ਮੰਗ ਕਰ ਸਕਦੇ ਹਨ ਕਿ ਭੀੜ ਵੱਲੋਂ ਹੱਤਿਆ, ਮਨਮਾਨੇ ਢੰਗ ਨਾਲ ਬੁਲਡੋਜ਼ਰ ਚਲਾਉਣ ਤੇ ਭਾਜਪਾ ਦੀ ਨਫਰਤੀ ਮੁਹਿੰਮ ਦੇ ਸ਼ਿਕਾਰ ਲੋਕਾਂ ਨੂੰ ਭਾਰਤੀ ਨਾਗਰਿਕਾਂ ਦੇ ਰੂਪ ਵਿੱਚ ਸੁਰੱਖਿਆ ਦਿੱਤੀ ਜਾਵੇ। ਦੋ ਮਹਿਲਾ ਫੌਜੀਆਂ ਵੱਲੋਂ ਆਪਣਾ ਪੱਖ ਪੇਸ਼ ਕਰਨ ਦਾ ਦ੍ਰਿਸ਼ ਅਹਿਮ ਹੈ, ਪਰ ਉਸ ਦ੍ਰਿਸ਼ ਨੂੰ ਜ਼ਮੀਨ 'ਤੇ ਹਕੀਕਤ ਵਿੱਚ ਬਦਲਣਾ ਚਾਹੀਦਾ ਹੈ, ਨਹੀਂ ਤਾਂ ਇਹ ਸਿਰਫ ਪਖੰਡ ਹੈ।'

ਇਸ ਵਿੱਚ ਕੀ ਹੈ, ਜਿਸ ਨਾਲ ਦੋ ਭਾਈਚਾਰਿਆਂ ਵਿਚਾਲੇ ਵੈਰ ਫੈਲੇ ਜਾਂ ਕਿਸੇ ਧਾਰਮਕ ਸਮੂਹ ਦੀਆਂ ਭਾਵਨਾਵਾਂ ਨੂੰ ਸੱਟ ਪੁੱਜੇ? ਡਾ. ਮਹਿਮੂਦਾਬਾਦ ਨੇ ਇਹ ਵੀ ਲਿਖਿਆ ਸੀ, :-

'ਮੇਰੇ ਲਈ ਇਹ ਪ੍ਰੈੱਸ ਕਾਨਫਰੰਸ ਇਕ ਝਲਕ ਸੀ, ਸ਼ਾਇਦ ਇੱਕ ਭਰਮ ਤੇ ਸੰਕੇਤ, ਇੱਕ ਅਜਿਹੇ ਭਾਰਤ ਦੀ ਜਿਹੜਾ ਉਸ ਤਰਕ ਨੂੰ ਚੁਣੌਤੀ ਦਿੰਦਾ ਹੈ, ਜਿਸ 'ਤੇ ਪਾਕਿਸਤਾਨ ਦਾ ਨਿਰਮਾਣ ਹੋਇਆ ਸੀ। ਜਿਵੇਂ ਕਿ ਮੈਂ ਕਿਹਾ ਕਿ ਆਮ ਮੁਸਲਮਾਨਾਂ ਦੇ ਸਾਹਮਣੇ ਜੋ ਜ਼ਮੀਨੀ ਹਕੀਕਤ ਹੈ, ਉਹ ਉਸ ਤੋਂ ਅੱਡ ਹੈ, ਜਿਸ ਨੂੰ ਸਰਕਾਰ ਦਿਖਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਨਾਲ ਹੀ ਪ੍ਰੈੱਸ ਕਾਨਫਰੰਸ ਤੋਂ ਪਤਾ ਲੱਗਦਾ ਹੈ ਕਿ ਆਪਣੀ ਵਿਵਿਧਤਾ ਵਿੱਚ ਇੱਕਜੁੱਟ ਭਾਰਤ ਇੱਕ ਵਿਚਾਰ ਦੇ ਰੂਪ ਵਿੱਚ ਪੂਰੀ ਤਰ੍ਹਾਂ ਨਾਲ ਮਰਿਆ ਨਹੀਂ।'

ਇਸ ਟਿੱਪਣੀ ਵਿੱਚ ਕੀ ਹੈ, ਜਿਸ ਨਾਲ ਭਾਰਤ ਦੀ ਪ੍ਰਭੂਸੱਤਾ ਨੂੰ ਖਤਰਾ ਪੁੱਜਦਾ ਹੈ? ਡਾ. ਮਹਿਮੂਦਾਬਾਦ ਰਾਜਧ੍ਰੋਹ 'ਤੇ ਉਤਾਰੂ ਹੈ, ਇਨ੍ਹਾਂ ਟਿੱਪਣੀਆਂ ਨੂੰ ਪੜ੍ਹ ਕੇ ਇਸ ਨਤੀਜੇ 'ਤੇ ਤੁਸੀਂ ਕਿਵੇਂ ਪੁੱਜ ਸਕਦੇ ਹੋ, ਜੇ ਤੁਸੀਂ ਇੱਕ ਵਿਵੇਕਵਾਨ ਵਿਅਕਤੀ ਜਾਂ ਸੰਸਥਾ ਹੋ? ਪਰ ਜੋ ਲੋਕ ਭਾਰਤੀ ਪੁਲਸ ਨੂੰ ਜਾਣਦੇ ਹਨ, ਉਹ ਤੁਹਾਨੂੰ ਕਹਿਣਗੇ ਕਿ ਵਿਚਾਰੀ ਪੁਲਸ 'ਤੇ ਵਿਵੇਕਵਾਨ ਹੋਣ ਦਾ 'ਦੋਸ਼' ਤੁਸੀਂ ਕਿਵੇਂ ਲਾ ਸਕਦੇ ਹੋ?

ਦਰਅਸਲ ਡਾ. ਮਹਿਮੂਦਾਬਾਦ ਨੇ ਜੋ ਲਿਖਿਆ, ਉਹ ਪਿਛਲੇ ਦਿਨਾਂ ਵਿੱਚ ਅਣਗਿਣਤ ਲੋਕ ਲਿਖ ਤੇ ਕਹਿ ਚੁੱਕੇ ਹਨ। ਲੋਕਾਂ ਨੇ ਜਦ ਭਾਰਤ ਦਾ ਪੱਖ ਰੱਖਣ ਲਈ ਇੱਕ ਮੁਸਲਮਾਨ ਅਧਿਕਾਰੀ ਨੂੰ ਮੰਚ 'ਤੇ ਦੇਖਿਆ ਤਾਂ ਹੈਰਾਨ ਰਹਿ ਗਏ। ਇਸ ਸ਼ਾਸਨਕਾਲ ਵਿੱਚ ਇੱਕ ਮੁਸਲਮ ਭਾਰਤ ਦੀ ਤਰਜਮਾਨ ਹੋ ਸਕਦੀ ਹੈ, ਇਹ ਏਨੀ ਅਸਾਧਾਰਨ ਗੱਲ ਮੰਨੀ ਗਈ ਕਿ ਸਭ ਨੇ ਸਰਕਾਰ ਦੀ ਪਿੱਠ ਥਪਥਪਾਈ, ਪਰ ਤਾਰੀਫ ਦੇ ਨਾਲ ਬਹੁਤਿਆਂ ਨੇ ਇਹ ਵੀ ਕਿਹਾ ਕਿ ਇਹ ਪ੍ਰਤੀਕਾਤਮਕਤਾ ਤਾਂ ਠੀਕ ਹੈ, ਪਰ ਇਸ ਨੂੰ ਜ਼ਮੀਨੀ ਹਕੀਕਤ ਵਿੱਚ ਵੀ ਤਬਦੀਲ ਹੋਣਾ ਚਾਹੀਦਾ ਹੈ, ਯਾਨੀ ਮੁਸਲਮਾਨਾਂ ਨੂੰ ਇੱਜ਼ਤ ਨਾਲ ਜਿਊਣ ਦਾ ਹੱਕ ਮਿਲਣਾ ਚਾਹੀਦਾ ਹੈ, ਪਰ ਡਾ. ਮਹਿਮੂਦਾਬਾਦ ਦੀ ਗੱਲ ਨੂੰ ਪੁਲਸ ਜੁਰਮ ਠਹਿਰਾ ਰਹੀ ਹੈ। ਇਸ ਦਾ ਇੱਕ ਕਾਰਨ ਹੈ : ਡਾ. ਅਲੀ ਖਾਨ ਮੁਸਲਮਾਨ ਹੈ। ਮੁਸਲਮਾਨ ਹੋਣਾ ਭਾਰਤ ਵਿੱਚ ਅੱਜ ਆਪਣੇ ਆਪ ਵਿੱਚ ਜੁਰਮ ਹੈ। ਦੂਜਾ ਜੁਰਮ ਇਹ ਹੈ ਕਿ ਉਹ ਦਿਮਾਗ ਰੱਖਦਾ ਹੈ, ਖੁਦ ਸੋਚਦਾ ਹੈ ਤੇ ਉਸ ਨੂੰ ਪ੍ਰਗਟ ਵੀ ਕਰਦਾ ਹੈ। ਜੇ ਤੁਸੀਂ ਮੁਸਲਮਾਨ ਹੋ ਤਾਂ ਤੁਹਾਨੂੰ ਸ਼ਾਇਦ ਆਮ ਤੌਰ 'ਤੇ ਸਾਹ ਲੈਣ ਦੀ ਛੋਟ ਹੈ, ਪਰ ਆਪਣਾ ਵਿਚਾਰ ਪ੍ਰਗਟ ਕਰਨ ਦਾ ਅਧਿਕਾਰ ਤੁਹਾਡੇ ਕੋਲ ਨਹੀਂ। ਉਮਰ ਖਾਲਿਦ, ਸ਼ਰਜੀਲ ਇਮਾਮ, ਖਾਲਿਦ ਸੈਫੀ, ਇਸ਼ਰਤ ਜਹਾਂ, ਗੁਲਫਿਸ਼ਾ ਫਾਤਿਮਾ, ਮੀਰਾਨ ਹੈਦਰ, ਸਿੱਦੀਕ ਕੱਪਨ ਤੇ ਦਰਜਨਾਂ ਮੁਸਲਮ ਬੁੱਧੀਜੀਵੀਆਂ ਦੇ ਨਾਲ ਪਿਛਲੇ 11 ਸਾਲਾਂ ਵਿੱਚ ਜੋ ਕੀਤਾ ਗਿਆ ਹੈ, ਡਾ. ਮਹਿਮੂਦਾਬਾਦ ਦੀ ਗ੍ਰਿਫਤਾਰੀ ਉਸੇ ਸਿਲਸਿਲੇ ਦੀ ਇੱਕ ਕੜੀ ਹੈ। ਡਾ. ਮਹਿਮੂਦਾਬਾਦ ਦੇ ਮਾਮਲੇ ਵਿੱਚ ਇੱਕ ਗੱਲ ਹੋਰ ਹੈ ਕਿ ਉਹ ਮੁਸਲਮਾਨ ਤਾਂ ਹੈ, ਪਰ ਨਵਾਬੀ ਖਾਨਦਾਨ ਦਾ ਵਾਰਸ ਵੀ ਹੈ। ਵਿਦੇਸ਼ ਤੋਂ ਪੜ੍ਹ ਕੇ ਆਇਆ ਹੈ। ਉਸ ਦੀ ਗ੍ਰਿਫਤਾਰੀ ਨਾਲ ਮੁਸਲਮਾਨਾਂ ਨੂੰ ਇਹ ਸੰਕੇਤ ਦਿੱਤਾ ਗਿਆ ਹੈ ਕਿ ਤੁਹਾਡੇ ਕਿਸੇ ਮੋਹਤਬਰ ਦੀ ਸਾਡੇ ਸਾਹਮਣੇ ਕੋਈ ਔਕਾਤ ਨਹੀਂ। ਡਾ. ਮਹਿਮੂਦਾਬਾਦ ਨੂੰ ਮੁਸਲਮਾਨ ਸ਼ਾਨ ਨਾਲ ਆਪਣਾ ਨੁਮਾਇੰਦਾ ਕਹਿ ਸਕਦੇ ਹਨ, ਪਰ ਅੱਜ ਦਾ ਹਿੰਦੂਤਵੀ ਭਾਰਤੀ ਰਾਜਤੰਤਰ ਉਸ ਨੂੰ ਜੇਲ੍ਹ ਵਿੱਚ ਧੱਕ ਸਕਦਾ ਹੈ। ਪਿਛਲੇ ਸਾਲਾਂ ਵਿੱਚ ਦੇਖਿਆ ਗਿਆ ਹੈ ਕਿ ਮੁਸਲਮਾਨਾਂ ਦੇ ਸਥਾਨਕ ਆਗੂਆਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਉਨ੍ਹਾਂ ਦੇ ਘਰ ਜ਼ਮੀਨਦੋਜ਼ ਕਰ ਦਿੱਤੇ ਗਏ। ਇਸ ਤਰ੍ਹਾਂ ਮੁਸਲਮਾਨਾਂ ਨੂੰ ਬਿਲਕੁਲ ਖਾਮੋਸ਼ ਕਰ ਦੇਣ ਤੇ ਆਗੂ-ਹੀਣ ਕਰ ਦੇਣ ਦੀ ਨਿਰੰਤਰ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਦਾ ਸਭ ਤੋਂ ਤਾਜ਼ਾ ਸ਼ਿਕਾਰ ਡਾ. ਮਹਿਮੂਦਾਬਾਦ ਬਣਿਆ ਹੈ। ਲੋਕ ਕਹਿ ਰਹੇ ਹਨ ਕਿ ਡਾ. ਮਹਿਮੂਦਾਬਾਦ ਦੀਆਂ ਟਿੱਪਣੀਆਂ ਵਿੱਚ ਕੁਝ ਵੀ ਇਤਰਾਜ਼ਯੋਗ ਨਹੀਂ। ਉਹ ਠੀਕ ਕਹਿ ਰਹੇ ਹਨ, ਪਰ ਇਹ ਅਦਾਲਤਾਂ ਨੂੰ ਦੱਸਣਾ ਪਵੇਗਾ ਤੇ ਅਦਾਲਤਾਂ ਨੂੰ ਵੀ ਸਮਝਣਾ ਪਵੇਗਾ। ਅਸਲੀ ਮਸਲਾ ਡਾ. ਮਹਿਮੂਦਾਬਾਦ ਦੀ ਗ੍ਰਿਫਤਾਰੀ ਉਸ ਨੂੰ ਤੇ ਸਾਰੇ ਬੁੱਧੀਜੀਵੀ ਮੁਸਲਮਾਨਾਂ ਨੂੰ ਧਮਕੀ ਹੈ ਕਿ ਉਹ ਕੁਝ ਵੀ ਬੋਲਣ ਦੀ ਜੁਰਅਤ ਕਿਵੇਂ ਕਰ ਸਕਦੇ ਹਨ। ਇਹ ਗ੍ਰਿਫਤਾਰੀ ਮੁਸਲਮਾਨਾਂ 'ਤੇ ਦੋਤਰਫਾ ਹਮਲਾ ਹੈ : ਭਾਜਪਾ ਅਹੁਦੇਦਾਰ ਜਿਹੇ 'ਨਾਗਰਿਕ' ਤੇ ਹਰਿਆਣਾ ਮਹਿਲਾ ਕਮਿਸ਼ਨ ਵਰਗੇ ਸੰਸਥਾਨ, ਦੋਨੋਂ ਹੀ ਘੇਰ ਕੇ ਹਮਲਾ ਕਰਨਗੇ। ਕੀ ਦੇਸ਼ ਵਿੱਚ ਰਹਿਣ ਵਾਲੇ ਵੱਖ-ਵੱਖ ਭਾਈਚਾਰਿਆਂ ਦੇ ਲੋਕ ਇਹ ਸਭ ਦੇਖਦੇ ਰਹਿਣਗੇ ਜਾਂ ਮੁਸਲਮਾਨਾਂ ਨੂੰ ਬੇਜ਼ੁਬਾਨ ਕਰਨ ਦੀ ਇਸ ਸਿਆਸੀ ਮੁਹਿੰਮ ਖਿਲਾਫ ਕੁਝ ਕਰਨਗੇ। ਭਲਕ ਨੂੰ ਹੋਰਨਾਂ ਭਾਈਚਾਰਿਆਂ ਦੇ ਬੁੱਧੀਜੀਵੀਆਂ ਨਾਲ ਵੀ ਡਾ. ਮਹਿਮੂਦਾਬਾਦ ਵਰਗਾ ਸਲੂਕ ਹੋ ਸਕਦਾ ਹੈ।-ਨਵਾ ਜ਼ਮਾਨਾ ਜਲੰਧਰ



# ਰਬਾਬ ਜਦ ਤਲਵਾਰ ਹੋ ਗਈ

ਗੁਰਦੁਆਰਾ ਰੋੜੀ ਸਾਹਿਬ ਦੀਆਂ 2 ਘਟਨਾਵਾਂ ਮੇਰੀ ਰੂਹ ਦਾ ਹਿੱਸਾ ਰਹੀਆਂ ਹਮੇਸ਼ਾਂ।

ਭਾਈ ਲਾਲੋ ਜੀ ਕੋਲੇ ਠਹਿਰਨ ਸਮੇਂ ਗੁਰੂ ਨਾਨਕ ਸਹਿਬ ਜੀ ਦਾ ਘੰਟਿਆਂ ਬਧੀ ਓਥੇ ਆ ਕੇ ਬੈਠੇ ਰਹਿਣਾ ਅਤੇ ਦੂਜੀ ਲਖੂ ਦੇ ਭਰਾ ਜਸੂ ਦਾ ਸਿੰਘਾਂ ਵਲੋਂ ਸਿਰ ਵਢਣਾ,ਅਤੇ ਇਥੋਂ ਮੁਢ ਬਝਾ ਛੋਟੇ ਘਲੂਘਾਰੇ ਦਾ ਜਿਹੜਾ ਅੱਜ ਦੇ ਦਿਨ ਯਾਣੀ 16 ਮਾਈ 1746 ਨੂੰ ਵਾਪਰਿਆ।

ਵਗਦੇ ਦਰਿਆ, ਜੰਗਲਾਂ ਨੂੰ ਅੱਗ, ਪਿਛਿਓਂ ਬਰੂਦਾਂ ਗੋਲੀਆਂ ਦਾ ਮੀਂਹ ਅਗਿਓਂ ਪਹੜਾਈਏ ਹਿੰਦੂ ਰਾਜਿਆਂ ਦੀ ਜੰਤਾ ਅਤੇ ਫੌਜਾਂ,ਤਨ ਦੀਆਂ ਲੀਰਾਂ ਪਾੜ ਪਾੜ ਸਿੰਘਾਂ ਪੈਰਾਂ ਨੂੰ ਬਧੀਆਂ ਹੇਠਾਂ ਤਪਦੀਆਂ ਰੇਤਾਂ ਤੋਂ ਰਾਹਤ ਪਾਓਂਣ ਲਈ।

ਸ਼ਾਂਤ ਸਮੁੰਦਰ ਦੀ ਤਰ੍ਹਾਂ ਬੈਠੇ ਨੇ ਰੱਬੀ ਤਾਰਾਂ ਜੋੜੀ ਬਾਬਾ ਜੀ ਅਪਣੇ ਰੋੜੀ ਤੇ। ਕਿਸ ਨੂੰ ਪਤਾ ਕਿ ਅਗੇ ਜਾ ਕੇ ਇਨਾ ਸਮੁੰਦਰਾਂ ਵਿਚ ਜਵਾਰ ਭਾਟੇ ਆਓਂਣਗੇ, ਸਨਾਮੀਆਂ ਆਓਂਣਗੀਆਂ। ਬਾਬਾ ਜੀ ਅਪਣਿਆਂ ਦਾ ਉਦਾਸੀਆਂ ਵਾਲਾ ਸਫਰ ਕਰੀਬਨ ਇਥੋਂ ਸ਼ੁਰੂ ਹੁੰਦਾ।ਰਬਾਬ ਵਿਚਦੀ ਹੋ ਕੇ ਬਾਬਿਆਂ ਦੇ ਸ਼ਬਦਾਂ ਦੇ ਤੀਰ ਜਦ ਨਿਕਲੇ ਤਾਂ ਕਾਜੀ ,ਪੰਡਤਾਂ ,ਮੁਲਾਣਿਆਂ ਦੇ ਛੇਕ ਤਾਂ ਪੈਣੇ ਹੀ ਸਨ ਅਤੇ ਇਹੀ ਛੇਕ ਅਗੇ ਜਾ ਕੇ ਇਨੇ ਦੁਖਦਾਈ ਹੋ ਗਏ ਕਿ ਅਸਿਹ ਪੀੜਾ ਬਣ ਗਏ ਅਤੇ ਛੇਵੇਂ ਥਾਂ ਅਪੜਦਿਆਂ ਬਾਬਿਆਂ ਫਿਰ ਰਬਾਬ ਵਲੇਟ ਲਈ ਅਤੇ ਤਲਵਾਰ ਕੱਢ ਲਈ ਮਿਆਨੋ ਅਤੇ ਓਹ ਵੀ ਇੱਕ ਨਹੀ ਦੋ।ਬਾਦਸ਼ਾਹੀ ਦੇ ਪ੍ਰਤੀਕ ਸਿੱਧਾ ਬਾਜ ਦੀ ਹੀ ਧੌਣ ਨੂੰ ਜਾ ਹੱਥ ਪਾਇਆ ਜੰਗ ਤਾਂ ਭਖਣੀ ਹੀ ਸੀ।



ਇਥੋਂ ਸ਼ੁਰੂ ਹੁੰਦਾ ਤਲਵਾਰ ਦਾ ਸਫਰ ਅਤੇ ਇਹ ਤਲਵਾਰ ਓਨੀ ਦੇਰ ਮਿਆਨ ਨਹੀ ਪਈ ਜਿੰਨਾ ਚਿਰ ਜਰਵਾਣੇ ਹੁਕਮ ਕਰਨ ਵਾਲੀ ਦਿਲੀ ਖਾਲਸੇ ਨੇ ਘੋੜਿਆਂ ਦੇ ਪੌੜਾਂ ਹੇਠ ਰੋਂਦ ਨਹੀ ਸੁੱਟੀ।ਇਥੇ ਤੱਕ ਪਹੁੰਚਣ ਦਾ ਲੰਮਾ ਸਫਰ ਐ ਜਿਹੜਾ ਕਈ ਘਲੂਘਾਰਿਆਂ ਵਿਚਦੀ ਹੋ ਕੇ ਲੰਘਦਾ ਅਤੇ ਜਿਹੜਾ ਹਾਲਾਂ ਤਕ ਨਹੀ ਰੁਕਿਆ-ਕਿ ਰੁਕਿਆ?

**ਗੁਰਦੇਵ ਸਿੰਘ ਸੱਧੇਵਾਲੀਆ**


## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

**ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ**

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਗੁਰੂ ਅਮਰਦਾਸ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਵੇਗਾ ਅਤੇ ਅਖੰਡ ਪਾਠ ਸਾਹਿਬ ਦੀ ਸੇਵਾ ਨਗਰ ਅਖਾੜਾ ਜਿਲਾ ਲੁਧਿਆਣਾ ਦੀਆਂ ਸੰਗਤਾਂ ਵੱਲੋਂ ਹੋਵੇਗੀ।



- ਇਹ ਅਖੰਡ ਪਾਠ 23 ਮਈ ਦਿਨ ਸ਼ੁੱਕਰਵਾਰ ਸਵੇਰੇ 9:30 ਵਜੇ ਅਰੰਭ ਹੋਣਗੇ ਜਿਨ੍ਹਾਂ ਦੇ ਭੋਗ 25 ਮਈ ਦਿਨ ਐਤਵਾਰ ਸਵੇਰੇ 9:30 ਵਜੇ ਪੈਣਗੇ।ਉਪਰੰਤ ਹਫਤਾਵਰੀ ਦੀਵਾਨ ਸਜਾਏ ਜਾਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।
- ਅੰਤਿਮ ਸਸਕਾਰ ਸਵ. ਬੀਬੀ ਭਾਗਵੰਤੀ ਸਚਦੇਵਾ ਦਾ ਰਿਵਰਸਾਇਡ ਫਿਊਨਰਲ ਹੋਮ ਵਿਖੇ 23 ਮਈ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਹੋਵੇਗਾ, ਉਪਰੰਤ 11:30 ਵਜੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਭੋਗ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- 24 ਮਈ ਸ਼ਨਿੱਚਰਵਾਰ ਸਵੇਰੇ 9:30 ਵਜੇ ਸੁਖਮਨੀ ਸਾਹਿਬ ਦੇ ਪਾਠ ਲੰਗਰ ਅਤੇ ਕੀਰਤਨ ਦੀ ਸੇਵਾ ਕਮਲਜੀਤ ਸਿੰਘ ਚਾਹਲ ਪ੍ਰਵਾਰ ਵੱਲੋਂ ਹੋਵੇਗੀ।
- □4 ਮਈ ਦਿਨ ਸ਼ਨਿੱਚਰਵਾਰ ਸਵੇਰੇ 9:30 ਵਜੇ ਸਵ. ਕੁਲਵਿੰਦਰ ਸਿੰਘ ਖੁੰਘਾ ਦੀ ਯਾਦ ਵਿਚ ਅਰੰਭ ਕੀਤੇ ਗਏ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਕੀਰਤਨ ਤੇ ਲੰਗਰਾਂ ਦੀ ਸੇਵਾ ਹੋਵੇਗੀ।
- ਅੰਤਿਮ ਸਸਕਾਰ ਸਵ. ਬੀਬੀ ਸੁਰਜੀਤ ਕੌਰ ਬਨਵੈਤ ਦਾ ਰਿਵਰਸਾਇਡ ਫਿਊਨਰਲ ਹੋਮ ਵਿਖੇ 24 ਮਈ ਦਿਨ ਸ਼ਨਿੱਚਰਵਾਰ ਸਵੇਰੇ 10 ਵਜੇ ਹੋਵੇਗਾ, ਉਪਰੰਤ 11:30 ਵਜੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਭੋਗ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- ਅੰਤਿਮ ਸਸਕਾਰ ਸਵ. ਭਾਈ ਤਾਰਾ ਸਿੰਘ ਜੱਸਲ ਦਾ ਰਿਵਰਸਾਇਡ ਫਿਊਨਰਲ ਹੋਮ ਵਿਖੇ 24 ਮਈ ਦਿਨ ਸ਼ਨਿੱਚਰਵਾਰ ਸਵੇਰੇ 12:30 ਵਜੇ ਹੋਵੇਗਾ ਉਪਰੰਤ 2:00 ਵਜੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਭੋਗ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- 24 ਮਈ ਦਿਨ ਸ਼ਨਿੱਚਰਵਾਰ ਸ਼ਾਮ 3:30 ਵਜੇ ਭਾਈ ਰਾਜਵੀਰ ਸਿੰਘ ਢਿੱਲੋਂ ਪ੍ਰਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕੀਰਤਨ ਤੇ ਲੰਗਰਾਂ ਦੀ ਸੇਵਾ ਹੋਵੇਗੀ।
- 25 ਮਈ ਦਿਨ ਐਤਵਾਰ ਸਵੇਰੇ 9 ਵਜੇ ਭਾਈ ਜਸਵਿੰਦਰ ਸਿੰਘ ਥਿਆੜਾ ਪ੍ਰਵਾਰ ਵੱਲੋਂ ਅਰੰਭ ਕੀਤੇ ਗਏ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਕੀਰਤਨ ਤੇ ਲੰਗਰਾਂ ਦੀ ਸੇਵਾ ਹੋਵੇਗੀ।□
- 25 ਮਈ ਦਿਨ ਐਤਵਾਰ ਦੁਪਹਿਰ 12 ਵਜੇ ਸਵ. ਬੀਬੀ ਸੁਰਜੀਤ ਕੌਰ ਸਿੱਧੂ ਦੀ ਯਾਦ ਵਿਚ ਅਰੰਭ ਕੀਤੇ ਗਏ ਸਹਿਜ ਪਾਠ ਦੇ ਭੋਗ ਪੈਣਗੇ ਤੇ ਕੀਰਤਨ ਤੇ ਲੰਗਰਾਂ ਦੀ ਸੇਵਾ ਹੋਵੇਗੀ।
- 25 ਮਈ ਦਿਨ ਐਤਵਾਰ ਸ਼ਾਮ 3:30 ਵਜੇ ਕੀਰਤਨ ਅਤੇ ਲੰਗਰਾਂ ਦੀ ਸੇਵਾ 4 ਪਰਿਵਾਰਾਂ ਵੱਲੋਂ ਹੋਵੇਗੀ:
  ਭਾਈ ਕੁਲਵਿੰਦਰ ਸਿੰਘ ਅਟਵਾਲ ਪਰਿਵਾਰ, ਭਾਈ ਤਜਿੰਦਰ ਸਿੰਘ ਪਰਿਵਾਰ,ਭਾਈ ਅਮਰ ਸਿੰਘ ਮਾਨ ਪਰਿਵਾਰ, ਭਾਈ ਹਰਮੀਤ ਸਿੰਘ ਗਿੱਲ ਪਰਿਵਾਰ ।
- 29 ਮਈ ਦਿਨ ਵੀਰਵਾਰ ਨੂੰ ਕਾਕਾ ਦਮਨਪ੍ਰੀਤ ਸਿੰਘ ਅਤੇ ਬੱਚੀ ਹਰਸ਼ਦੀਪ ਕੌਰ ਦੇ ਅਨੰਦ ਕਾਰਜ ਦੀ ਸੇਵਾ ਹੋਵੇਗੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਰਾਗੀ ਜਥੇ:ਭਾਈ ਜਸਵੰਤ ਸਿੰਘ ਅੰਮ੍ਰਿਤਸਰ ਵਾਲੇ
ਭਾਈ ਪ੍ਰਿਤਪਾਲ ਸਿੰਘ ਬੰਗਲਾ ਸਾਹਿਬ ਵਾਲੇ

ਕਥਾਵਾਚਕ:ਭਾਈ ਗੁਰਸ਼ਰਨ ਸਿੰਘ

ਕਵੀਸ਼ਰੀ ਜਥਾ:ਭਾਈ ਹਰਪ੍ਰੀਤ ਸਿੰਘ ਭਾਮੀਆ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**

**ਫੋਨ:604-590-3232, 604-590-3224**

# ਭਾਰਤ-ਪਾਕਿਸਤਾਨ ਟਕਰਾਅ ਦਾ ਕਾਰਨ 1947 ਦੀ ਬਣਾਉਟੀ ਵੰਡ:ਪੰਚ ਪ੍ਰਧਾਨੀ ਪੰਥਕ ਜਥਾ

ਚੰਡੀਗੜ੍ਹ: ਪੰਥ ਸੇਵਕ ਸਖਸ਼ੀਅਤਾਂ ਦੇ ਪੰਚ ਪ੍ਰਧਾਨੀ ਪੰਥਕ ਜਥੇ ਵੱਲੋਂ ਇੰਡੀਆ ਤੇ ਪਾਕਿਸਤਾਨ ਦਰਮਿਆਨ ਆਪਸੀ ਤਲਖੀ ਵਧਣ ਕਾਰਨ ਹੋਈ ਹਾਲੀਆ ਜੰਗ ਬਾਰੇ ਸਾਂਝਾ ਬਿਆਨ ਜਾਰੀ ਕੀਤਾ ਹੈ। ਉਹਨਾ ਕਿਹਾ ਕਿ 1947 ਵਿਚ ਬਸਤੀਵਾਦੀ ਹਾਕਮਾਂ ਵੱਲੋਂ ਇਸ ਖਿੱਤੇ ਦੀ ਦੋ ਕੌਮਾਂ ਦੇ ਮਨਘੜਤ ਬਸਤੀਵਾਦੀ ਸਿਧਾਂਤ ਉੱਤੇ ਇੰਡੀਆ ਅਤੇ ਪਾਕਿਸਤਾਨ ਦਰਮਿਆਨ ਕੀਤੀ ਗਈ ਬਣਾਉਟੀ ਵੰਡ ਹੀ ਇਹਨਾ ਮੁਲਕਾਂ ਵਿਚਲੇ ਅੰਦਰੂਨੀ ਅਤੇ ਆਪਸੀ ਟਕਰਾਅ ਅਤੇ ਅਸਥਿਰਤਾ ਦਾ ਕਾਰਨ ਹੈ।

ਉਹਨਾਂ ਕਿਹਾ ਕਿ ਦੱਖਣੀ ਏਸ਼ੀਆ ਵਿਚਲਾ ਇੰਡੀਅਨ ਉਪਮਹਾਂਦੀਪ ਦਾ ਖਿੱਤਾ ਇਤਿਹਾਸਕ, ਧਾਰਮਿਕ, ਨਸਲੀ, ਸੱਭਿਆਚਾਰਕ ਤੇ ਭਾਖਾਈ ਪਛਾਣਾਂ ਦੀ ਬਹੁਲਤਾ ਵਾਲਾ ਇਕ ਵਿਲੱਖਣ ਖਿੱਤਾ ਹੈ। ਇਹ ਇਤਿਹਾਸਕ ਤੱਥ ਹੈ ਕਿ ਇਹਨਾ ਪਛਾਣਾਂ ਜਾਂ ਕੌਮਾਂ ਦੇ ਆਪਣੇ ਖੇਤਰਾਂ ਵਿਚ ਪ੍ਰਭੂਸੱਤਾਪੂਰਨ ਰਾਜ ਰਹੇ ਹਨ ਅਤੇ ਅੱਜ ਵੀ ਇਹਨਾਂ ਵਿਚ ਖੁਦਮੁਖਤਿਆਰੀ ਤੇ ਸੰਪੂਰਨ ਅਜ਼ਾਦੀ ਦੀ ਤਾਂਘ ਮੌਜੂਦ ਹੈ।

ਦੱਖਣੀ ਏਸ਼ੀਆ ਦੀ ਬਹੁਪਛਾਣੀ ਫਿਤਰਤ ਅਤੇ ਸਿੱਖਾਂ ਤੇ ਕਸ਼ਮੀਰੀਆਂ ਸਮੇਤ ਇਥੇ ਵੱਸਦੀਆਂ ਸਮੂਹ ਵਿਲੱਖਣ ਪਛਾਣਾਂ ਦੀ ਰਾਜਨੀਤਕ ਉਮੰਗ ਮੁਤਾਬਿਕ ਇਸ ਖਿੱਤੇ ਦੀਆਂ ਸਿਆਸੀ ਹੱਦਾਂ ਮੁੜ ਉਲੀਕਣ ਨਾਲ ਹੀ ਇਸ ਖੇਤਰ ਵਿਚ ਸਾਂਤੀ ਤੇ ਸਥਿਰਤਾ ਲਿਆਂਦੀ ਜਾ ਸਕਦੀ ਹੈ।

ਇੰਡੀਆ ਤੇ ਪਾਕਿਸਤਾਨ ਦਰਮਿਆਨ ਹੋਈ ਹਾਲੀਆ ਜੰਗ ਦੇ ਘਟਨਾਕ੍ਰਮ ਨੇ ਦਰਸਾਇਆ ਹੈ ਕਿ ਦੱਖਣੀ ਏਸ਼ੀਆ ਤੇ ਸੰਸਾਰ ਦੇ ਹਾਲਾਤ ਵਿਚਲੀ ਅਸਥਿਰਤਾ ਕਿਸੇ ਵੀ ਸਮੇਂ ਇਸ ਖਿੱਤੇ ਨੂੰ ਜੰਗ ਦਾ ਅਖਾੜਾ ਬਣਾ ਸਕਦੀ ਹੈ ਜਿਸ ਦੇ ਬਿਲਕੁਲ ਕੇਂਦਰ ਵਿਚ ਨਾ ਚਾਹੁੰਦਿਆਂ ਹੋਇਆਂ ਵੀ ਪੰਜਾਬ ਅਤੇ ਸਿੱਖ ਆ ਜਾਣੇ ਹਨ। ਹਾਲੀਆ ਘਟਨਾਕ੍ਰਮ ਨੇ ਮੌਜੂਦਾ ਹਾਲਾਤ ਵਿਚ ਪੰਜਾਬ ਤੇ ਸਿੱਖਾਂ ਨੂੰ ਦਰਪੇਸ਼ ਖਤਰਿਆਂ ਦੀ ਇਕ ਝਲਕ ਪੇਸ਼ ਕੀਤੀ ਹੈ।

ਸਿੱਖਾਂ ਨੂੰ ਇਸ ਸਾਰੇ ਹਾਲਾਤ ਵਿਚ ਵਧੇਰੇ ਗੰਭੀਰ ਹੋ ਕੇ ਚੱਲਣ ਦੀ ਲੋੜ ਹੈ। ਇਸ ਵਕਤ ਸਿੱਖ ਅੰਦਰੂਨੀ ਖਿੰਡਾਓ ਦਾ ਸ਼ਿਕਾਰ ਹਨ ਤੇ ਦਿੱਲੀ ਦਰਬਾਰ ਇਸ ਹਾਲਾਤ ਨੂੰ ਹੋਰ ਵਿਗਾੜਨ ਲਈ ਸਿੱਖਾਂ ਵਿਚ ਆਪਸੀ ਬੇਇਤਫਾਕੀ ਵਧਾ ਕੇ ਹਾਲਾਤ ਖਾਨਾਜੰਗੀ ਵੱਲ ਲਿਜਾ ਰਿਹਾ ਹੈ। ਸਿੱਖਾਂ ਨੂੰ ਇਸ ਵੇਲੇ ਆਪਣੀ ਪਰੰਪਰਾ ਤੋਂ ਸੇਧ ਲੈਕੇ ਸਥਾਨਕ ਪੱਧਰ ਉੱਤੇ ਖੁਦਮੁਖਤਿਆਰ ਜਥਿਆਂ ਵਿਚ ਜਥੇਬੰਦ ਹੋਣ ਦੀ ਲੋੜ ਹੈ ਤਾਂ ਕਿ ਸਥਾਨਕ ਪੱਧਰ ਤੋਂ ਆਪਣੀ ਰਿਵਾਇਤ ਅਨੁਸਾਰ ਸਾਂਝੀ ਅਗਵਾਈ ਉਭਾਰੀ ਜਾ ਸਕੇ ਤੇ ਸਾਂਝੇ ਫੈਸਲੇ ਲੈਣ ਦਾ ਅਮਲ ਲਾਗੂ ਕੀਤਾ ਜਾ ਸਕੇ। ਇਸ ਅਸਥਿਰਤਾ ਦੇ ਹਾਲਾਤ ਵਿਚ



ਗੁਰੂ ਖਾਲਸਾ ਪੰਥ ਦੀ ਪੰਥਕ ਨੁਮਾਇੰਦਗੀ ਲਈ ਸੰਸਾਰ ਪੱਧਰ ਉੱਤੇ ਅਸਲ ਅਕਾਲੀ ਗੁਣਾਂ ਦੀਆਂ ਧਾਰਨੀ ਸੁਯੋਗ ਸਖਸ਼ੀਅਤਾਂ 'ਤੇ ਅਧਾਰਤ ਇਕ ਨਿਸ਼ਕਾਮ ਜਥਾ ਉਜਾਗਰ ਕਰਨ ਦੀ ਲੋੜ ਹੈ ਜੋ ਕਿ ਸਾਂਝੇ ਤੇ ਨਿਰਪੱਖ ਪੰਥਕ ਧੁਰੇ ਦੀ ਭੂਮਿਕਾ ਨਿਭਾਵੇ।

ਹਾਲੀਆ ਘਟਨਾਕ੍ਰਮ ਨੇ ਵਿਖਾਇਆ ਹੈ ਕਿ ਅਨਿਸ਼ਚਿਤਤਾ ਤੇ ਅਸਥਿਰਤਾ ਦੇ ਇਸ ਦੌਰ ਵਿਚ ਕੋਈ ਵੀ ਇਕ ਘਟਨਾ ਪੰਜਾਬ ਨੂੰ ਜੰਗ ਦਾ ਅਖਾੜਾ ਬਣਾ ਕੇ ਸਿੱਖਾਂ ਨੂੰ ਜੰਗ ਦੀ ਭੱਠੀ ਵਿਚ ਸੁੱਟ ਸਕਦੀ ਹੈ। ਇਸ ਲਈ ਹਾਲਾਤ ਦੀ ਗੰਭੀਰਤਾ ਨੂੰ ਵੇਖਦੇ ਹੋਏ ਗੁਰੂ ਵਰੋਸਾਈ ਧਰਤ ਪੰਜਾਬ ਦੀ ਬਿਹਤਰੀ ਲਈ ਤੇ ਇਸ ਖਿੱਤੇ ਵਿਚ ਨਪੀੜੀਆਂ ਜਾ ਰਹੀਆਂ ਧਿਰਾਂ ਦੇ ਹਮਦਰਦਾਂ ਵਜੋਂ ਸਿੱਖਾਂ ਨੂੰ ਆਪਣੀ ਅੰਦਰੂਨੀ ਸਫਬੰਦੀ ਸੂਤਰਬਧ ਕਰਨ ਵਾਸਤੇ ਆਪਸੀ ਸੰਵਾਦ ਸ਼ੁਰੂ ਕਰਨ ਦੀ ਫੌਰੀ ਲੋੜ ਹੈ।

ਅਸੀਂ ਇਸ ਦਿਸ਼ਾ ਵਿਚ ਪਹਿਲਕਦਮੀ ਕਰਨ ਦਾ ਸਮੂਹ ਸੁਹਿਰਦ ਸਿੱਖ ਹਿੱਸਿਆਂ ਨੂੰ ਸੱਦਾ ਦਿੰਦੇ ਹਾਂ।

# ਭਾਰਤ ਸਰਕਾਰ ਵੱਲੋਂ ਸਿੱਖਾਂ ਨੂੰ ਪਾਕਿਸਤਾਨ ਸਥਿਤ ਗੁਰਧਾਮਾਂ ਤੋਂ ਦੂਰ ਕਰਨ ਦੀ ਸਾਜਿਸ਼ ਦਾ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਸਖ਼ਤ ਵਿਰੋਧ

## ਸਿੱਖ ਨੌਜਵਾਨਾਂ ਉੱਤੇ ਜਾਸੂਸੀ ਦਾ ਦੋਸ਼ ਮੜ੍ਹਨਾ ਭਾਰਤ ਸਰਕਾਰ ਦੀ ਕੋਝੀ ਚਾਲ



ਫਰੈਂਕਫਰਟ:-ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਭਾਈ ਹਿੰਮਤ ਸਿੰਘ ਅਮਰੀਕਾ, ਕੋਅਰਡੀਨੇਟਰ ਭਾਈ ਗੁਰਚਰਨ ਸਿੰਘ ਗੁਰਾਇਆ ਭਾਈ ਜਤਿੰਦਰ ਸਿੰਘ ਜਰਮਨੀ, ਮੁੱਖ ਬੁਲਾਰੇ ਭਾਈ ਜੋਗਾ ਸਿੰਘ, ਜਨਰਲ ਸਕੱਤਰ ਭਾਈ ਮਨਪ੍ਰੀਤ ਸਿੰਘ ਇੰਗਲੈਂਡ, ਭਾਈ ਮਨਬੀਰ ਸਿੰਘ ਸੰਧੂ ਭਾਈ ਭਗਤ ਸਿੰਘ ਕਨੇਡਾ ਭਾਈ ਪ੍ਰਿਤਪਾਲ ਸਿੰਘ ਸਵਿਟਜ਼ਰਲੈਂਡ ਜਸਵਿੰਦਰ ਸਿੰਘ ਹਾਲੈਂਡ ਨੇ ਪ੍ਰੈਸ ਦੇ ਨਾਂ ਜਾਰੀ ਬਿਆਨ ਕਰਦਿਆਂ ਹੋਇਆ ਕਿਹਾ ਕਿ ਭਾਰਤ ਦੀ ਹਿੰਦੂਵਾਦੀ ਹਕੂਮਤ ਵੱਲੋਂ ਸਿੱਖ ਕੌਮ ਨੂੰ ਉਨ੍ਹਾਂ ਦੇ ਪਾਕਿਸਤਾਨ ਸਥਿਤ ਪਾਵਨ ਗੁਰਧਾਮਾਂ, ਖਾਸ ਕਰਕੇ ਸ੍ਰੀ ਕਰਤਾਰਪੁਰ ਸਾਹਿਬ, ਦੇ ਦਰਸ਼ਨਾਂ ਤੋਂ ਰੋਕਣ ਲਈ ਘੜੀਆਂ ਜਾ ਰਹੀਆਂ ਘਿਨਾਉਣੀਆਂ ਸਾਜ਼ਿਸ਼ਾਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ। ਇੱਕ ਮਾਸੂਮ ਸਿੱਖ ਨੌਜਵਾਨ ਨੂੰ ਬੇਬੁਨਿਆਦ ਤਰੀਕੇ ਨਾਲ 'ਪਾਕਿ ਜਾਸੂਸ ਕਰਾਰ ਦੇ ਕੇ ਗ੍ਰਿਫ਼ਤਾਰ ਕਰਨਾ, ਇਸੇ ਸਾਜ਼ਿਸ਼ ਦਾ ਇੱਕ ਹਿੱਸਾ ਹੈ ਜਿਸਦਾ ਮਕਸਦ ਸਿੱਖ ਸੰਗਤਾਂ ਵਿੱਚ ਡਰ ਅਤੇ ਸਹਿਮ ਪੈਦਾ ਕਰਨਾ ਹੈ ਤਾਂ ਜੋ ਉਹ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਤੋਂ ਗੁਰੇਜ਼ ਕਰਨ।ਵਰਲਡ ਸਿੱਖ ਪਾਰਲੀਮੈਂਟ ਸਪੱਸ਼ਟ ਕਰਦੀ ਹੈ ਕਿ ਇਹ ਕਾਰਵਾਈ ਕੋਈ ਇਤਫ਼ਾਕ ਨਹੀਂ ਬਲਕਿ ਇੱਕ ਗਿਣੀ ਮਿੱਥੀ ਸਾਜਿਸ਼ ਹੈ ਜੋ ਉਸ ਸਮੇਂ ਸਾਹਮਣੇ ਆਈ ਹੈ ਜਦੋਂ ਸਿੱਖ ਕੌਮ ਵੱਲੋਂ ਭਾਰਤ ਪਾਕਿਸਤਾਨ ਦਰਮਿਆਨ ਜੰਗਬੰਦੀ ਤੋਂ ਬਾਅਦ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਘਾ ਸੰਗਤਾਂ ਲਈ ਮੁੜ ਖੋਲ੍ਹਣ ਦੀ ਜ਼ੋਰਦਾਰ ਮੰਗ ਕੀਤੀ ਜਾ ਰਹੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਸਮੇਤ ਸਮੁੱਚੀ ਸਿੱਖ ਕੌਮ ਨੇ ਭਾਰਤ ਅਤੇ ਪਾਕਿਸਤਾਨ ਦਰਮਿਆਨ ਸੁਖਾਵੇਂ ਹੋ ਰਹੇ ਹਾਲਾਤਾਂ ਦੇ ਮੱਦੇਨਜ਼ਰ ਇਸ ਲਾਂਘੇ ਨੂੰ ਤੁਰੰਤ ਖੋਲ੍ਹਣ ਦੀ ਅਪੀਲ ਕੀਤੀ ਹੈ। ਪਰ ਭਾਰਤੀ ਹਕੂਮਤ, ਜੋ ਹਮੇਸ਼ਾ ਸਿੱਖਾਂ ਦੀਆ ਧਾਰਮਿਕ ਭਾਵਨਾਵਾਂ ਅਤੇ ਸਿੱਖਾਂ ਦੇ ਪਾਕਿਸਤਾਨ ਨਾਲ ਇਤਿਹਾਸਕ ਸਬੰਧਾਂ ਨੂੰ ਕੁਚਲਣ ਲਈ ਤੱਤਪਰ ਰਹਿੰਦੀ ਹੈ, ਅਜਿਹੇ ਨੀਵੇਂ ਹੱਥਕੰਡਿਆਂ 'ਤੇ ਉਤਰ ਆਈ ਹੈ।


T&S Transportation
Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।
ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ
ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ
ਹੋਰ ਜਾਣਕਾਰੀ ਲਈ ਫੋਨ ਕਰੋ
604-607-0333



THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਸਿੱਖਾਂ ਪ੍ਰਤੀ ਸਰਕਾਰ ਦਾ ਦੋਗਲਾਪਨ ਕਿਉਂ?



ਮੁੱਢ ਕਦੀਮਾਂ ਤੋਂ ਲੈਕੇ ਹੀ ਹਕੂਮਤਾਂ ਜਾਂ ਹਾਕਮਾਂ ਦਾ ਸਿੱਖਾਂ ਪ੍ਰਤੀ ਰਵੱਈਆ ਕਠੋਰ ਅਤੇ ਬੇਇਨਸਾਫ਼ੀਆਂ ਵਾਲਾ ਹੀ ਰਿਹਾ ਹੈ। ਰਹਿਮ ਤਾਂ ਦੂਰ ਦੀ ਗੱਲ ਆਪਣੇ ਧਾਰਮਿਕ ਨਿਯਮਾਂ ਨੂੰ ਉਲੰਘਕੇ, ਮਨੁੱਖੀ ਅਧਿਕਾਰਾਂ ਨੂੰ ਦਰਕਿਨਾਰ ਕਰਦਿਆਂ ਸਿੱਖਾਂ ਉੱਤੇ ਹਰ ਤਰ੍ਹਾਂ ਦੇ ਜਬਰ ਨੂੰ ਅਜ਼ਮਾਇਆ ਗਿਆ ਹੈ। ਇੱਥੋਂ ਤੱਕ ਕਿ ਗੁਰੂ ਸਾਹਿਬ ਦੇ ਮਾਸੂਮ ਸਾਹਿਬਜ਼ਾਦਿਆਂ ਨੂੰ ਵੀ ਹਕੂਮਤਾਂ ਨੇ ਸਖਤ ਦੰਡ ਦਿੱਤੇ। ਇਹ ਸਿੱਖਾਂ ਨੂੰ ਗੁੜ੍ਹਤੀ ਹੈ ਕਿ ਉਹਨਾ ਨੇ ਜਬਰ ਤਾਂ ਝੱਲ ਲਿਆ ਪ੍ਰੰਤੂ ਕਦੇ ਹਾਕਮਾਂ ਦੀ ਈਨ ਨਹੀਂ ਮੰਨੀ।ਅੱਜ ਵੀ ਬਹੁਤ ਸਾਰੇ ਸਿੱਖ ਯੋਧੇ ਕੌਮੀਂ ਫ਼ਰਜ਼ਾਂ ਦਾ ਪਾਲਣ ਕਰਕੇ ਜੇਲ੍ਹਾਂ ਵਿੱਚ ਬੈਠੇ ਹਨ। ਇਹਨਾਂ ਸਿੱਖ ਯੋਧਿਆਂ ਦੀ ਕਿਸੇ ਨਾਲ ਕੋਈ ਜਾਤੀ ਰੰਜਿਸ਼ ਨਹੀਂ ਸੀ ਅਤੇ ਹੀ ਆਪਣਾ ਕੋਈ ਨਿੱਜ ਸਵਾਰਥ ਹੈ। ਉਹਨਾਂ ਜੋ ਕੁੱਝ ਵੀ ਕੀਤਾ ਹੈ ਉਹ ਸਾਰੀ ਕੌਮ ਦੀਆਂ ਭਾਵਨਾਵਾਂ ਅਤੇ ਗੁਰੂ ਸਿਧਾਂਤਾਂ ਅਨੁਸਾਰ ਹੀ ਕੀਤਾ ਹੈ। ਇਹ ਵੀ ਤਾਂ ਕਰਨਾ ਪਿਆ ਜਦੋਂ ਹੁਕਮਰਾਨਾਂ ਵਿੱਚ ਔਰੰਗਜ਼ੇਬ ਜਾਂ ਅਬਦਾਲੀ ਵਰਗਿਆਂ ਦੀ ਰੂਹ ਪ੍ਰਵੇਸ਼ ਕਰ ਗਈ ਸੀ ਅਤੇ ਅਦਾਲਤੀ ਨਿਆਂ ਘੁੰਡ ਕੱਢ ਗਿਆ ਸੀ। ਸੁਣਵਾਈ ਦੇ ਸਾਰੇ ਦਰਵਾਜ਼ੇ ਬੰਦ ਕਰ ਦਿੱਤੇ ਗਏ ਸਨ। ਜੋ ਅੱਜ ਵੀ ਬੰਦ ਹਨ।ਜਦੋਂ ਦੇਸ਼ ਤੇ ਭੀੜ ਬਣਦੀ ਹੈ ਤਾਂ ਪ੍ਰਧਾਨ ਮੰਤਰੀ ਤੋਂ ਲੈਕੇ ਵੱਡੇ ਛੋਟੇ ਸਿਆਸਤਦਾਨ ਸਿੱਖਾਂ ਦੇ ਸੋਹਿਲੇ ਗਾਉਂਦੇ ਹਨ। ਜਦੋਂ ਮਤਲਬ ਨਿਕਲ ਜਾਂਦਾ ਹੈ ਤਾਂ ਸਿੱਖ ਬੱਚਿਆਂ ਦੀਆਂ ਅਣਗੌਲ ਗਲਤੀਆਂ ਨੂੰ ਦੇਸ਼ ਨਾਲ ਗਦਾਰੀ ਬਣਾਕੇ ਗੋਦੀ ਮੀਡੀਆ ਤੋਂ ਬਦਨਾਮ ਕਰਵਾਇਆ ਜਾਂਦਾ ਹੈ। ਪ੍ਰਧਾਨ ਮੰਤਰੀ ਦੇ ਰੁਤਬੇ ਉੱਤੇ ਬੈਠੇ ਸਿਆਸਤਦਾਨ ਗੁਰੂ ਨਾਨਕ ਸਾਹਿਬ ਦੇ ਪ੍ਰਗਟ ਦਿਵਸ ਤੇ ਬੰਦੀ ਸਿੰਘਾਂ ਦੀ ਰਿਹਾਈ ਦਾ ਵਾਹਦਾ ਕਰਕੇ ਮੁੱਕਰ ਜਾਂਦੇ ਹਨ। ਅਦਾਲਤੀ ਹੁਕਮਾਂ ਦੀ ਵੀ ਅਣਦੇਖੀ ਕਰਦੇ ਹਨ।ਸਿੱਖਾਂ ਦਾ ਵੀ ਇਤਿਹਾਸ ਹੈ ਕਿ ਸਿੱਖ ਕਦੇ ਜਿੰਦਗੀ ਦੀ ਭੀਖ ਨਹੀਂ ਮੰਗਦੇ। ਭਾਈ ਬਲਵੰਤ ਸਿੰਘ ਰਾਜੋਆਣਾ ਤਾਂ ਪਹਿਲੇ ਦਿਨੋਂ ਹੀ ਕਹਿ ਰਹੇ ਹਨ ਕਿ ਮੈਨੂੰ ਫਾਂਸੀ ਦਿੱਤੀ ਜਾਵੇ ਪ੍ਰੰਤੂ ਅਜਿਹੇ ਯੋਧੇ ਕੌਮ ਦਾ ਸਰਮਾਇਆ ਹੁੰਦੇ ਹਨ ਅਤੇ ਉਹਨਾਂ ਪ੍ਰਤੀ ਕੌਮੀਂ ਸੰਸਥਾਵਾਂ ਵੀ ਆਪਣੇ ਫਰਜ਼ ਸਮਝਕੇ ਯੋਧਿਆਂ ਦੀ ਪੈਰਵਾਈ ਕਰਦੀਆਂ ਹਨ। ਜਿਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰ ਰਹੀ ਹੈ।ਸ਼੍ਰੋਮਣੀ ਕਮੇਟੀ ਨੂੰ ਡੇਢ ਸਾਲ ਦੇ ਅਰਸੇ ਵਿੱਚ ਪ੍ਰਧਾਨ ਮੰਤਰੀ ਮੋਦੀ ਜਾਂ ਗ੍ਰਹਿ ਮੰਤਰੀ ਨੇ ਮਿਲਣ ਦਾ ਸਮਾਂ ਨਹੀਂ ਦਿੱਤਾ। ਜਿਸ ਕਰਕੇ ਗੱਲਬਾਤ ਦੇ ਰਸਤੇ ਬੰਦ ਹਨ। ਹੁਣ ਭਾਈ ਰਾਜੋਆਣਾ ਨੇ ਸ਼੍ਰੋਮਣੀ ਕਮੇਟੀ ਨੂੰ ਆਪਣੀ ਅਪੀਲ ਵਾਪਿਸ ਲੈਣ ਲਈ ਕਿਹਾ ਸੀ ਪ੍ਰੰਤੂ ਸ਼੍ਰੋਮਣੀ ਕਮੇਟੀ ਵੱਲੋਂ ਸਾਬਕਾ ਸਿੱਖ ਜੱਜਾਂ ਅਤੇ ਪੰਥਕ ਵਕੀਲਾਂ ਦੀ ਮੀਟਿੰਗ ਕਰਕੇ ਫੈਸਲਾ ਲਿਆ ਹੈ ਕਿ ਅਪੀਲ ਵਾਪਿਸ ਨਹੀਂ ਲਈ ਜਾਵੇਗੀ ਅਤੇ ਕਾਨੂੰਨੀ ਲੜਾਈ ਲੜੀ ਜਾਵੇਗੀ।ਸਿੱਖ ਕੌਮ ਦਾ ਭਾਰਤ ਨੂੰ ਅਜਾਦ ਕਰਵਾਉਣ ਵਿੱਚ ਸਭ ਤੋਂ ਵੱਧ ਯੋਗਦਾਨ ਹੈ। ਇਸ ਲਈ ਸਰਕਾਰ ਨੂੰ ਸਿੱਖਾਂ ਪ੍ਰਤੀ ਦੋਗਲਾਪਲ ਤਿਆਗਕੇ ਸੁਹਿਰਦ ਪਹੁੰਚ ਅਪਣਾਉਂਣੀ ਚਾਹੀਦੀ ਹੈ। ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਤੁਰੰਤ ਸਮਾਂ ਦੇਕੇ ਗੱਲਬਾਤ ਦਾ ਰਸਤਾ ਖੋਲ੍ਹਣਾ ਚਾਹੀਦਾ ਹੈ। ਜੇ ਸਰਕਾਰ ਅੜੀ ਕਰਦੀ ਹੈ ਤਾਂ ਸ਼੍ਰੋਮਣੀ ਕਮੇਟੀ ਅਤੇ ਸਿੱਖ ਕਾਨੂੰਨਦਾਨਾਂ ਨੂੰ ਪੂਰੀ ਸ਼ਿੱਦਤ ਨਾਲ ਲੜਣਾ ਚਾਹੀਦਾ ਹੈ ਅਤੇ ਭਾਰਤੀ ਹੁਕਮਰਾਨਾਂ ਦੇ ਸਿੱਖਾਂ ਪ੍ਰਤੀ ਦੋਗਲੇਪਲ ਨੂੰ ਪੂਰੀ ਦੁਨੀਆਂ ਸਾਹਮਣੇ ਬੇਨਕਾਬ ਕਰਨਾ ਚਾਹੀਦਾ ਹੈ।

- ਗੁਰਿੰਦਰਪਾਲ ਸਿੰਘ

## ਸਿੱਖਸ ਆਫ਼ ਅਮੈਰਿਕਾ ਨੇ ਪਹਿਲਗਾਮ ਹਮਲੇ 'ਚ ਮਾਰੇ ਗਏ ਗ੍ਰੰਥੀ ਸਿੰਘ ਦੇ ਪਰਿਵਾਰ ਦੀ ਫੜੀ ਬਾਂਹ




ਵਾਸ਼ਿੰਗਟਨ ਡੀ.ਸੀ- ਬੀਤੇ ਦਿਨੀਂ ਜੰਮੂ ਕਸ਼ਮੀਰ ਦੀ ਪਹਿਲਗਾਮ ਘਾਟੀ 'ਚ ਹੋਏ ਅੱਤਵਾਦੀ ਹਮਲੇ ਉਪਰੰਤ ਭਾਰਤ ਅਤੇ ਪਾਕਿਸਤਾਨ ਵਿਚਕਾਰ ਹਾਲਾਤ ਤਣਾਅ ਵਾਲੇ ਬਣ ਗਏ ਸਨ। ਇਹਨਾਂ ਹਾਲਾਤਾਂ ਦੇ ਚੱਲਦਿਆਂ ਜੰਮੂ ਕਸ਼ਮੀਰ ਦੇ ਇਕ ਗੁਰਦੁਆਰਾ ਸਾਹਿਬ 'ਤੇ ਵੀ ਹਮਲਾ ਹੋਇਆ ਜਿਸ ਵਿਚ ਇਕ ਗ੍ਰੰਥੀ ਸਿੰਘ ਸ਼ਹੀਦ ਹੋ ਗਏ ਸੀ ਜਿਸ ਕਾਰਨ ਪਰਿਵਾਰ ਨੂੰ ਬਹੁਤ ਵੱਡਾ ਘਾਟਾ ਪੈ ਗਿਆ।ਇਸ ਪਰਿਵਾਰ ਦੀ ਬਾਂਹ ਫੜਦਿਆਂ ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ ਵਿਚ ਸਿੱਖਸ ਆਫ ਅਮੈਰਿਕਾ ਵਲੋਂ ਦੋ ਲੱਖ ਰੁਪਏ ਦਾ ਚੈੱਕ ਭੇਂਟ ਕੀਤਾ ਗਿਆ ਅਤੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਚੁੱਕਣ ਦਾ ਜਿੰਮਾ ਲਿਆ ਗਿਆ। ਸ੍ਰ. ਜਸਦੀਪ ਸਿੰਘ ਜੱਸੀ ਨੇ ਦੱਸਿਆ ਕਿ ਸਿੱਖਸ ਆਫ਼ ਅਮੈਰਿਕਾ ਪਰਿਵਾਰ ਨਾਲ ਹੋਏ ਦੁਖਾਂਤ ਪ੍ਰਤੀ ਦੁੱਖ ਦਾ ਪ੍ਰਗਟਾਵਾ ਤਾਂ ਕਰਦੀ ਹੀ ਹੈ ਪਰ ਕੋਸ਼ਿਸ਼ ਇਹ ਵੀ ਰਹੇਗੀ ਕਿ ਪਰਿਵਾਰ ਨੂੰ ਭਵਿੱਖ 'ਚ ਕਿਸੇ ਵੀ ਤਰਾਂ ਦੀ ਕੋਈ ਵੀ ਘਾਟ ਮਹਿਸੂਸ ਨਹੀ ਹੋਣ ਦਿੱਤੀ ਜਾਵੇਗੀ।

Bhola
Car Seat Cover Ltd.
Specialize in Custom & Universal Seat Covers
• Leather Car Seat Covers
• Leather Truck Covers
• Truck Lino
• ਲੈਦਰ ਕਾਰ ਸੀਟ ਕਵਰ
• ਲੈਦਰ ਟਰੱਕ ਕਵਰ
• ਟਰੱਕ ਲਾਇਨੋ

Great Deals On CAR MATS & ACCESSORIES
ਪਿਛਲੇ 30 ਸਾਲਾਂ ਤੋਂ ਸੀਟ-ਕਵਰ ਬਿਜਨਸ 'ਚ

Call:Simranjeet Singh
778-926-2662
#104-13119-84Ave, Surrey, BC

Grow Your Business with
A1 PROMOTIONS.
ਏ ਵੰਨ ਪਰੋਮੋਸ਼ਨਸ
Torphy Awards
Custom T Shirts
Team Uniforms
Custom Printed Tents, Flags
ਕਸਟਮ ਪਰਿੰਟਡ ਟੀ ਸ਼ਰਟਾਂ, ਜਰਸੀਆਂ, ਜੈਕਟਾਂ
ਵਿਆਹ ਸ਼ਾਦੀ ਦੇ ਸਾਈਨ ਸਕੂਲ ਯੂਨੀਫੌਰਮ
www.a1promotions.ca
604-763-1500
13375-72 AVE SURREY, BC
sales@a1promotions.ca
Mon - Fri 9:30 am to 5:30 pm Sat 10 am - 5 pm

# HOME IMPROVEMENT


## TOOR LANDSCAPING & FENCE

RESIDENTIAL & COMMERCIAL

- ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
- 2X3 ਦਾ ਫਰੇਮ ਸੋਲਿਡ $210 ਦਾ ਪੈਨਲ
- ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
- ਕੰਮ ਦੀ ਪੂਰੀ ਪੂਰੀ ਗਰੰਟੀ ਹੈ।
- ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ

ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ

ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।

**604-729-3225**


ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ



## RIGHT TOUCH PAINTING Co.

RT

Residential & Commercial



- Interior & Exterior Painting
- Roller, Brush & Spray Painting
- Stucco Painting
- Re-Painting
- Fast & Friendly Service

Special Discount on Repaint

ਸਾਨੂੰ ਕੰਮ ਵਾਸਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ।
ਤਨਖਾਹ ਤਜਰਬੇ ਅਨੁਸਾਰ ਵਧੀਆ ਦਿੱਤੀ ਜਾਵੇਗੀ

**Call Ratinder: 604-765-3419**



## SINGH RAJ

RENOVATION CO.



We noticed your house needs minor repair
Unsure ofyourhousehold fixtures?
Just to replace or repair? **Get it Done Today!**

We guaranteed Singh Raj Renovation is the smartest choice for household small jobs

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

SPECIALISTS IN
Maintain+Repair & New Installation
Reasonable Rates
20Yrs Exprienced

**Call Raj: 778-229-9261**



## Ambrosia Renovation

Your's Complete Home Renovation

- * ਫਰੇਮਿੰਗ
- * ਡਰਾਈਵਾਲ
- * ਪੇਂਟਿੰਗ
- * ਟਾਈਲਜ਼
- * ਲੈਮੀਨੇਟ
- * ਇਲੈਕਟ੍ਰੀਕਲ
- * ਪਲਬਿੰਗ
- * ਕਾਰਪੈਟ
- * ਰੂਫਿੰਗ ਦਾ ਕੰਮ
- * ਸਨਡੈਕ ਦੀ ਰਿਪੇਅਰ

**Sunny : 778-951-1699**



ਪੁਰਾਣੇ ਘਰਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲੰਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ



**Contact for Kitchen Cabinet & Counter Tops in Homes**

ਘਰ ਜਾਂ ਬੇਸਮੈਂਟ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ

**236-234-4081**



## KING 73 RENO LTD.

We Do All Kind Of Renovation

* ਫਰੇਮਿੰਗ * ਡਰਾਈਵਾਲ * ਪੇਂਟਿੰਗ * ਟਾਈਲਾਂ
* ਸਨਡੈੱਕ ਦੀ ਰਿਪੇਅਰ * ਲੈਮੀਨੇਟ * ਵਾਸ਼ਰੂਮ
* ਕਿਚਨ * ਐਕਸਟਰਾ ਰੂਮ ਐਡੀਸ਼ਨ
* ਇਲੈਕਟ੍ਰੀਕਲ * ਪਲੰਬਿੰਗ * ਰੂਫਿੰਗ ਦਾ ਕੰਮ



22 ਸਾਲ ਦਾ ਤਜਰਬਾ

FREE ESTIMATES

ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ

ਵੱਡੀ ਜਾਂ ਛੋਟੀ ਜੌਬ, ਹਰ ਪ੍ਰਕਾਰ ਦੀ ਰੈਨੋਵੇਸ਼ਨ ਫਰੀ ਐਸਟੀਮੇਟ ਵਾਸਤੇ ਤਜਰਬੇਕਾਰ ਗੁਰਦੀਪ ਸਿੰਘ ਨਾਲ ਸੰਪਰਕ ਕਰੋ :

ਸਾਨੂੰ ਵਰਕਰਾਂ ਦੀ ਵੀ ਲੋੜ ਹੈ।

Gurdeep S. Gill **778.896.4555**

king73renoltd@gmail.com www.king73reno.com



## Lionsbay Plumbing & Heating

◆ Plumbing ◆ Heating

- BOILERS & FURNACES REPAIR & REPLACEMENT
- HOT WATER TANK REPLACEMENT
- GAS FIREPLACES AND GAS STOVES
- ALL KINDS OF PLUMBING

- ਬੋਇਲਰ ਅਤੇ ਫਰਨੇਸ ਰਿਪੇਅਰ ਅਤੇ ਰਿਪਲੇਸਮੈਂਟ
- ਹਾਟ ਵਾਟਰ ਟੈਂਕ ਰਿਪਲੇਸਮੈਂਟ
- ਹਰ ਪ੍ਰਕਾਰ ਦੇ ਪਲੰਬਿੰਗ ਦੇ ਕੰਮ ਅਤੇ ਨਵੇਂ ਇੰਸਟੌਲੇਸ਼ਨ

ਵਧੀਆ ਸਰਵਿਸ ਅਤੇ ਵਾਜਿਬ ਰੇਟ

New Construction
Renovations &
Service Work





*Certified, Insured & Bonded*
*Plumbers & Gas Fitters*

Off:604-802-5466

**Jas Sekhon 778-378-8274**

Email:service@lionsbay.com

# Home Improvement


## A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)

Off: 604-543-6239
#103-12465-82Ave Surrey, BC

## A-CLASS Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

Cell: 604-351-2538
Tel:604-596-5474



CLASS "A" CERTIFIED & LICENCED ELECTRICIANS
MANJIT

## ਸੰਦਲ ਰੈਨੋਵੇਸ਼ਨ

Your's Complete Home Renovation

* ਫਰੇਮਿੰਗ * ਇਲੈਕਟ੍ਰੀਕਲ
* ਡਰਾਈਵਾਲ * ਪਲਬਿੰਗ
* ਪੇਂਟਿੰਗ * ਕਾਰਪੈਟ
* ਟਾਈਲਜ਼ * ਰੂਫਿੰਗ ਦਾ ਕੰਮ
* ਲੈਮੀਨੇਟ * ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ

ਭਿੰਦਰ: 604-725-6270

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

## ਲੱਖੀ ਰੈਨੋਵੇਸ਼ਨ

- ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
- ਬੇਸਮੈਂਟ ਦੀ ਰੈਨੋਵੇਸ਼ਨ
- ਡੋਰ ਐਂਡ ਮੋਲਡਿੰਗ
- ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
- ਫਲੋਰ ਅਤੇ ਵਾਲ ਟਾਈਲਜ਼
- ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
- ਘਰ ਨੂੰ ਵਧਾਉਣਾ
- ਪੇਂਟਿੰਗ
- ਕਾਰਪੇਂਟਰੀ
- ਪੌੜੀਆਂ
- ਫਿਨਸ਼ਿੰਗ
- ਫਰੇਮਿੰਗ



15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :
ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ

ਲੱਖਵਿੰਦਰ ਸੈਂਹਬੀ : 604-621-0206
lakhwindersembhi@yahoo.ca


## DAWN RENOVATION

Commercial & Residential

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

Certified Electrician, Builder, Construction & Development

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ*
ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ
ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ
ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

604-716-3534 / 778-881-0236
daljitsinghdhami@gmail.com

## Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ
We are specialized in Custom Wood Working:
Residential & Commercial Renovations

- Doors
- Mouldings
- Fire Place
- Base Board
- Hardy Plank
- Wood Floor




Sanjeev Dhir 778.320.9413
sanjeevkumarsk52@gmail.com

## BT LINE PAINTING CO.

ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ

SPECIALIZING IN:
Spray & Roller Panting * Interior & Exterior * Pressure Washing*


ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।
ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ

For FREE estimates call Mr. Kulwant Singh Boyal
Cell: 604-340-7497 Res: 604-543-8064

## STORM ELECTRIC LTD.

Residential & Commercial
Licenced & Bonded

*All Kinds Of Electrical Service
*Best Rate
*Friendly Service
*Quality Workmanship




Mandeep Dhaliwal
(Certified Electrician)
778-994-7207
Email:stormelectricltd@gmail.com

# ਤੈਂ ਕੀ ਦਰਦੁ ਨਾ ਆਇਆ

ਅੱਜ ਤਕ ਦੀਆਂ ਸਾਰੀਆਂ ਪ੍ਰਚੱਲਤ ਵਿਆਖਿਆ ਪ੍ਰਣਾਲੀਆਂ ਨੇ ਇਸ ਪੰਗਤੀ ਦੇ ਜੋ ਅਰਥ ਕੀਤੇ ਹਨ, ਉਹ ਗੁਰਮਤਿ ਅਨੁਸਾਰ ਨਹੀਂ ਹਨ। ਸਭ ਨੇ ਏਹੀ ਲਿਖਿਆ ਕਿ ਇਨ੍ਹਾਂ ਗਰੀਬਾਂ ਨੂੰ ਇਤਨੀ ਮਾਰ ਪਈ ਰੱਬਾ, ਤੈਨੂੰ ਦਰਦ ਨਹੀਂ ਆਇਆ। ਮੈਨੂੰ ਵੀ ਜਿਤਨੀ ਕੁ ਸਮਝ ਸੀ ਉਸ ਮੁਤਾਬਕ ਇਹ ਅਰਥ ਹਜ਼ਮ ਤਾਂ ਨਹੀਂ ਸਨ ਹੁੰਦੇ, ਪਰ ਇਸ ਦੇ ਠੀਕ ਅਰਥ ਸਮਝਣ ਵਿੱਚ ਵੀ ਦਿਕਤ ਪੇਸ਼ ਆ ਰਹੀ ਸੀ। ਇਹ ਤਾਂ ਸਮਝ ਪੈਂਦੀ ਸੀ ਕਿ ਰੱਬ ਨੂੰ ਤਰਸ ਯਾ ਦਰਦ ਨਹੀਂ ਆਉਂਦਾ। ਉਹ ਤਾਂ ਕੁਦਰਤੀ ਨਿਯਮਾਂ ਦੇ ਰੂਪ ਵਿੱਚ ਜ਼ਾਲਮ ਵਿੱਚ ਵੀ ਹੈ, ਤੇ ਜ਼ੁਲਮ ਸਹਿਣ ਵਾਲੇ ਵਿੱਚ ਵੀ। ਕੁਦਰਤੀ ਨਿਯਮਾਂ ਮੁਤਾਬਕ ਤਕੜੇ ਨੂੰ ਜਿਉਣ ਦਾ ਹੱਕ ਹੈ ਤੇ ਮਾੜੇ ਨੇ ਖਤਮ ਹੀ ਹੋਣਾ ਹੈ। ਮਾੜੇ ਨੂੰ ਜ਼ੁਲਮ ਸਹਿਣਾ ਪੈਂਦਾ ਹੈ। ਇਸੇ ਕਰਕੇ ਗੁਰੂ ਅੰਗਦ ਪਾਤਸ਼ਾਹ ਜੀ ਨੇ ਖੰਡੂਰ ਸਾਹਿਬ ਵਿੱਚ ਮੱਲ ਅਖਾੜੇ ਬਣਾ ਕੇ ਕੌਮ ਨੂੰ ਸਰੀਰਕ ਤੌਰ ਤੇ ਬਲਵਾਨ ਬਨਾਉਣ ਦਾ ਉਪਰਾਲਾ ਕੀਤਾ ਤੇ ਇਸੇ ਕੋਸ਼ਿਸ ਕਰਕੇ ਹੀ ਹਜ਼ਾਰਾਂ ਸਾਲਾਂ ਤੋਂ ਮਾਰ ਖਾਣੀ ਕੌਮ ਨੇ ਅਠਾਹਰਵੀਂ ਸਦੀ ਦੇ ਅਖੀਰਲੇ ਅਤੇ ਉਨੀਵੀਂ ਸਦੀ ਦੇ ਪਹਿਲੇ ਅੱਧ ਵਿੱਚ ਏਸ਼ੀਆ ਦੇ ਸਭ ਤੋਂ ਵੱਧ ਤਾਕਤਵਰ ਹਮਲਾਵਰ 'ਅਬਦਾਲੀ' ਦੇ ਦੰਦ ਵੀ ਖੱਟੇ ਕੀਤੇ। ਦੂਸਰਾ ਕਾਰਣ ਪ੍ਰਚੱਲਤ ਅਰਥਾਂ ਨੂੰ ਨਾ ਮੰਨਣ ਦਾ ਇਹ ਵੀ ਹੈ ਕਿ ਗੁਰੂ ਨਾਨਕ ਪਿਤਾ ਰੱਬ ਨੂੰ ਤਾਹਨਾ-ਮਿਹਣਾ ਮਾਰ ਹੀ ਨਹੀਂ ਸਕਦੇ ਕਿਉਂਕਿ ਉਹ ਤਾਂ ਸੌ ਫੀ ਸਦੀ ਰੱਬ ਨੂੰ ਸਮਰਪਤ ਹਨ।

ਨਾਨਕੁ ਤਾ ਕਾ ਦਾਸੁ ਹੈ ਬਿੰਦ ਬਿੰਦ ਚੁਖ ਚੁਖ ਹੋਇ ॥ ਪੰਨਾ 660, ਮ:1 ॥

ਦਾਸ ਮਾਲਕ ਨੂੰ ਤਾਹਨਾ-ਮਿਹਣਾ ਮਾਰਨ ਦਾ ਹੱਕ ਨਹੀਂ ਰੱਖਦਾ। ਮਾਲਕ ਵੱਡਾ ਤੇ ਦਾਸ ਛੋਟਾ ਹੈ। ਦਾਸ ਨੇ ਹੁਕਮ ਮੰਨਣਾ ਹੈ ਤੇ ਮਾਲਕ ਨੇ ਹੁਕਮ ਕਰਨਾ ਹੈ। ਇਹ ਨਿਯਮ ਗੁਰਬਾਣੀ ਵਿੱਚ ਸ਼ੁਰੂ ਤੋਂ ਲੈ ਕੇ ਅਖੀਰ ਤਕ ਪੂਰੇ ਸਿਦਕ ਨਾਲ ਨਿਭਾਇਆ ਗਿਆ ਹੈ।

ਮੈ ਬੰਦਾ ਬੈ ਖਰੀਦੁ ਸਚੁ ਸਾਹਿਬੁ ਮੇਰਾ ॥
ਜੀਉ ਪਿੰਡੁ ਸਭੁ ਤਿਸ ਦਾ ਸਭੁ ਕਿਛੁ ਹੈ ਤੇਰਾ ॥੧॥
ਮਾਣੁ ਨਿਮਾਣੇ ਤੂੰ ਧਣੀ ਤੇਰਾ ਭਰਵਾਸਾ ॥
ਬਿਨੁ ਸਾਚੇ ਅਨ ਟੇਕ ਹੈ ਸੋ ਜਾਣਹੁ ਕਾਚਾ ॥੧॥ ਰਹਾਉ॥ ਪੰਨਾ 396, ਮ:5 ॥

ਸਾਰੀ ਗੁਰਬਾਣੀ ਵਿੱਚ ਸਭ ਬਾਣੀਕਾਰਾਂ ਨੇ ਸਾਨੂੰ ਏਹੀ ਸਮਝਾਇਆ ਹੈ ਕਿ ਰੱਬ ਦੇ ਨਿਯਮ ਦੇ ਉਲਟ ਜਾ ਕੇ ਕੋਈ ਮਨੁੱਖ ਕੁੱਝ ਨਹੀਂ ਕਰ ਸਕਦਾ। ਗੁਰੂ ਸਾਹਿਬ ਸਿਰਫ ਏਹੀ ਨਹੀਂ ਕਹਿੰਦੇ ਕਿ ਮੈਂ ਤੇਰਾ ਬੰਦਾ ਹਾਂ ਸਗੋਂ ਆਪਣੇ ਆਪ ਨੂੰ ਬੈ-ਖਰੀਦ ਬੰਦਾ ਦੱਸਦੇ ਹਨ। ਐਂਵੇ-ਝੈਵੇਂ ਦਾ ਨਹੀਂ ਸਗੋਂ ਬੈ-ਖਰੀਦਿਆ ਹੋਇਆ। ਬੈ ਖਰੀਦ ਦਾ ਮਤਲਬ ਹੈ ਸਦਾ ਵਾਸਤੇ ਤੇਰੀ ਮਾਲਕੀ ਪੱਕੀ।

ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥੧॥
ਤੇਰੇ ਲਾਲੇ ਕਿਆ ਚਤੁਰਾਈ ॥
ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥੧॥ ਰਹਾਉ ॥
ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ॥
ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ ॥੨॥ ਪੰਨਾ 991, ਮ:1 ॥

ਗੁਰੂ ਨਾਨਕ ਪਾਤਸ਼ਾਹ ਕੋਈ ਕਸਰ ਛੱਡਦੇ ਹੀ ਨਹੀਂ ਕਿ ਉਹ ਸੌ ਫੀ ਸਦੀ ਪ੍ਰਮਾਤਮਾ ਨੂੰ ਸਮਰਪਤ ਨਹੀਂ ਹਨ। ਮੇਰੀ ਮੱਤ ਤੇਰੀ ਗੋਲੀ ਹੈ ਤੇ ਮੇਰਾ ਸੰਤੋਖ ਰੂਪੀ ਪਿਤਾ ਜਿਨ੍ਹਾਂ ਦਾ ਮੈਂ ਜਾਇਆਂ ਹਾਂ, ਵੀ ਤੇਰੇ ਹੀ ਗੋਲੇ ਹਨ। ਇਸ ਕਰਕੇ ਮੈਂ ਖਰੀਦਿਆ ਹੋਇਆ ਗੋਲਾ, ਗੁਲਾਮ ਹਾਂ ਤੇ ਮੈਂ ਚੰਗੇ ਭਾਗਾਂ ਵਾਲਾ ਹਾਂ। ਐਸੇ ਵਿਚਾਰਾਂ ਵਾਲਾ ਪਰਮ ਮਨੁੱਖ, ਸਿੱਖ ਧਰਮ ਦਾ ਬਾਨੀ, ਆਪਣੇ ਆਪ ਨੂੰ ਰੱਬ ਦਾ ਗੋਲਾ ਸਮਝਣ ਵਾਲਾ, ਰੱਬ ਨੂੰ ਤਾਹਨਾ-ਮਿਹਣਾ ਨਹੀਂ ਮਾਰ ਸਕਦਾ।

ਅਸਲ ਵਿੱਚ ਇਹ ਹਿਮਾਚਲੀ ਪੰਜਾਬੀਆਂ ਦਾ ਪੰਜਾਬੀ ਬੋਲਣ ਦਾ ਲਹਿਜਾ ਹੈ। ਮੇਰਾ ਮੈਨੇਜਰ, ਦਿੱਲੀ ਵਿੱਚ ਹਿਮਾਚਲੀ ਸੀ ਤੇ ਜਦੋਂ ਹੀ ਉਸ ਨੂੰ ਕੋਈ ਗੱਲ ਪੁੱਛਣੀ ਤਾਂ ਉਸ ਨੇ ਕਹਿਣਾ ਕਿ "ਮੈਂ ਕੀ ਪਤਾ"। ਦਰਿਆਫਤ ਕਰਨ ਤੋਂ ਪਤਾ ਚੱਲਿਆ ਕਿ ਉਹ ਕਹਿ ਰਿਹਾ ਹੈ ਕਿ ਮੈਨੂੰ ਨਹੀਂ ਪਤਾ। ਸੋ ਗੁਰੂ ਨਾਨਕ ਪਿਤਾ ਜੀ ਵੀ ਏਹੀ ਕਹਿ ਰਹੇ ਹਨ "ਤੈਂ ਕੀ ਦਰਦੁ ਨਾ ਆਇਆ" ਮਤਲਬ ਤੈਨੂੰ ਦਰਦ ਆਉਂਦਾ ਹੀ ਨਹੀਂ।

ਹੁਣ ਆਈਏ ਪ੍ਰਚੱਲਤ ਮੁਹਾਵਰੇ ਵੱਲ ਕਿ ਗੁਰੂ ਨਾਨਕ ਪਾਤਸ਼ਾਹ ਨੇ ਬਾਬਰ ਨੂੰ ਜ਼ਾਬਰ ਕਿਹਾ ਯਾ ਨਹੀਂ। ਸਾਰੇ ਇਹ ਕਹਿੰਦੇ ਹਨ ਪਰ ਜੇਕਰ ਪੁੱਛ ਲਿਆ ਜਾਵੇ ਕਿ ਭਾਈ ਤੂੰ ਇਹ ਕਿੱਥੇ ਪੜ੍ਹਿਆ ਹੈ ਤਾਂ ਕੋਈ ਜਵਾਬ ਨਹੀਂ। ਕੁੱਝ ਵਿਆਖਿਆਕਾਰ ਕਹਿੰਦੇ ਹਨ ਕਿ ਜਵਾਬ ਤਾਂ ਹੈ।

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥ ਪੰਨਾ 360, ਮ:1 ॥


ਇਸ ਪੰਗਤੀ ਦਾ ਪਿੱਛਲੇਰਾ ਅੱਧ "ਤੈਂ ਕੀ ਦਰਦੁ ਨ ਆਇਆ" ਬਾਬਰ ਨੂੰ ਹੀ ਸੰਬੋਧਨ ਹੈ ਤੇ ਬਾਬਰ ਨੂੰ ਕਹਿ ਰਹੇ ਹਨ ਕਿ ਤੂੰ ਗਰੀਬਾਂ ਨੂੰ ਐਨੀ ਮਾਰ ਮਾਰੀ ਹੈ ਤੈਨੂੰ ਦਰਦ ਨਹੀਂ ਆਇਆ। ਇਹ ਹੈ ਬਾਬਰ ਨੂੰ ਜ਼ਾਬਰ ਕਹਿਣਾ। ਅਸਲ ਵਿੱਚ ਇਹ ਅਰਥ ਵੀ ਗਲਤ ਹਨ ਕਿਉਂਕਿ ਗੁਰੂ ਨਾਨਕ ਪਾਤਸ਼ਾਹ ਤਾਂ ਸੈਦਪੁਰ ਦੀ ਤਬਾਹੀ ਤੋਂ ਕਾਫੀ ਦੇਰ ਬਾਅਦ ਉੱਥੇ ਪਹੁੰਚੇ ਹਨ। ਹਵਾਲਾ "ਸਿੱਖ ਤਵਾਰੀਖ ਭਾਗ ਪਹਿਲਾ ਪੰਨਾ 167" ਅਤੇ ਜਨਮ ਸਾਖੀ ਪ੍ਰੰਪਰਾ। ਬਾਬਰ ਨੇ ਗੁਰੂ ਨਾਨਕ ਪਿਤਾ ਨੂੰ ਜੇਲ ਵਿੱਚ ਸੁੱਟ ਦਿੱਤਾ, ਚੱਕੀ ਪੀਸਣ ਲਾ ਦਿੱਤਾ, ਚੱਕੀ ਆਪਣੇ ਆਪ ਚੱਲੀ ਜਾਵੇ, ਗੁਰੂ ਨਾਨਕ ਪਿਤਾ ਜੀ ਬਾਬਰ ਤੋਂ ਸੱਤ ਮੁੱਠਾਂ ਭੰਗ ਦੀਆਂ ਪੀਣ ਲਈ ਮੰਗਦੇ ਹਨ ਤੇ ਉਸ ਦੇ ਬਦਲੇ ਵਿੱਚ ਬਾਬਰ ਨੂੰ ਸੱਤ ਪੀੜ੍ਹੀਆਂ ਦਾ ਰਾਜ ਭਾਗ ਬਖਸ਼ਦੇ ਹਨ। ਇਹ ਕਰਾਮਾਤੀ ਕਹਾਣੀਆਂ ਸਭ ਝੂਠੀਆਂ ਹਨ। ਦਰਅਸਲ ਗੱਲ ਇਹ ਹੈ ਕਿ ਲੋਕ ਸਦੀਆਂ ਤੋਂ ਮਾਰ ਖਾਈ ਜਾ ਰਹੇ ਹਨ ਤੇ ਹਰ ਮਾਰ ਦਾ ਦੋਸ਼ ਉਹ ਰੱਬ ਨੂੰ ਦੇਈ ਜਾ ਰਹੇ ਹਨ। ਗੁਰੂ ਨਾਨਕ ਸਾਹਿਬ ਲੋਕਾਂ ਨੂੰ ਮੁਖਾਤਬ ਹੋ ਕੇ ਯਾ ਲੋਕ ਕੀ ਕਹਿੰਦੇ ਨੇਂ, ਉਹ ਗੁਰਬਾਣੀ ਰਾਹੀਂ ਵਰਨਣ ਕਰਦੇ ਹਨ।

ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥ ਪੰਨਾ 417, ਮ:1 ॥

ਜੇ ਪਹਿਲਾਂ ਤਿਆਰੀ ਕੀਤੀ ਹੁੰਦੀ ਤਾਂ ਇਹ ਸਜ਼ਾ ਤੁਹਾਨੂੰ ਮਿਲਣੀ ਹੀ ਨਹੀਂ ਸੀ॥

ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥

ਲੋਕ ਆਪਣੇ ਆਪ ਨੂੰ ਦੋਸ਼ੀ ਨਾ ਠਹਿਰਾ ਕੇ ਦੋਸ਼ ਰੱਬ ਨੂੰ ਦੇ ਰਹੇ ਹਨ ਕਿ ਮੁਗਲਾਂ ਨੂੰ ਜਮਾਂ ਦੇ ਰੂਪ ਵਿੱਚ ਰੱਬ ਲੈ ਕੇ ਆਇਆ ਹੈ। ਇਹ ਓਹੀ ਗੱਲ ਹੈ ਜਿਵੇਂ ਕਿਸੇ ਦੇ ਘਰ ਜੁਆਨ ਬੱਚਾ ਮਰ ਜਾਵੇ ਤੇ ਲੋਕ ਕਹਿੰਦੇ ਹਨ ਕਿ ਰੱਬਾ ਤੈਨੂੰ ਸਾਡਾ ਹੀ ਘਰ ਦਿਸਿਆ ਐ। ਜੁਆਨ ਬੱਚਾ ਭਾਵੇਂ ਨਸ਼ੇ ਕਰਕੇ, ਸ਼ਰਾਬ ਪੀ ਕੇ, ਐਕਸੀਡੈਂਟ ਕਰਕੇ ਯਾ ਲਾਲਚ-ਭਰਮ ਤੇ ਵਹਿਮ ਕਰਕੇ ਮਰਿਆ ਹੋਵੇ ਪਰ ਅਸੀਂ ਮੂਰਖ ਲੋਕ ਦੋਸ਼ੀ ਰੱਬ ਨੂੰ ਹੀ ਠਹਿਰਾ ਰਹੇ ਹੁੰਦੇ ਹਾਂ। ਰੱਬ ਨਾ ਐਕਸੀਡੈਂਟ ਕਰਕੇ ਕਿਸੇ ਨੂੰ ਮਾਰਦਾ ਹੈ ਤੇ ਨਾ ਹੀ ਹੋਰ ਕਿਸੇ ਕਾਰਣ ਕਰਕੇ। ਕਸੂਰ ਬੰਦੇ ਦਾ ਆਪਣਾ ਹੁੰਦਾ ਹੈ


SUPER SANDHU
ਸਾਨੂੰ ਕੈਨਰੀ, ਨਰਸਰੀ ਅਤੇ ਗਰੀਨ ਹਾਊਸ ਵਿਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।


ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711




Rai Express Lines Ltd.

Hiring
Team Owner Operators
- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit

Karnail Singh Rai
President
Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8



BEST IDEA
KITCHEN CABINETS LTD.


RESIDENTIAL & COMMERCIAL
*Quality Workmanship *Reasonable Rates *Satisfaction Guaranteed
We Specialize In:
*Custom Kitchen Cabinets
*Bathroom Vanities
*Fire Places *Bars
*Entertainment Units

For Free Estimates: Jasbir Thind:778-991-1233
Email:bestideakitchencabinets.ca
#107-12677-80Ave Surrey, BC V3W 3A6
Ph: 604.593.5276 Fax: 604.593.5736

☞ ਤੇ ਥੋਪਦੇ ਆਪਾਂ ਰੱਬ ਦੇ ਨਾਮ ਤੇ।

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥੨੧॥ ਪੰਨਾ 433, ਮ:1॥

ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥

ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ॥੪॥ ਪੰਨਾ 795, ਮ:1 ॥

ਐ ਬੰਦੇ! ਜੇ ਤੇਰੇ ਵਿੱਚ ਚੰਗੇ ਗੁਣ ਨਹੀਂ, ਤੂੰ ਭਗਤਿ ਹੀਣ ਹੈਂ ਤਾਂ ਦੋਸ਼ ਰੱਬ ਨੂੰ ਨਾ ਦੇਹ। ਇਸ ਦੁਨੀਆ ਵਿੱਚ ਅਸਲ ਕਸੂਰਵਾਰ ਬੰਦਾ ਹੀ ਹੈ। ਗੁਰਬਾਣੀ ਵਿਚੋਂ ਹੋਰ ਵੀ ਬਹੁਤ ਸਾਰੀਆਂ ਉਦਾਹਰਣਾਂ ਮਿਲ ਸਕਦੀਆਂ ਹਨ।

ਅਸਲ ਵਿੱਚ ਸੈਦਪੁਰ/ਐਮਨਾਬਾਦ ਦੀ ਸਿਰਫ ਉਦਾਹਰਣ ਹੀ ਲਈ ਗਈ ਹੈ ਕਿਉਂਕਿ ਪੰਨਾ 359 ਤੇ ਸਲੋਕ ਨੰਬਰ 37 ਅਤੇ ਪੰਨਾ 360 ਤੇ ਸਲੋਕ ਨੰਬਰ 38 ਤਾਂ ਭਰਥਰ ਜੋਗੀ ਦੇ ਚੇਲਿਆਂ ਨਾਲ ਜਵਾਬ-ਸਵਾਲ ਹਨ।

ਹੁਣ ਆਪਾਂ ਰਹਾਉ ਦੀ ਪੰਗਤੀ ਦੀ ਵਿਚਾਰ ਕਰਦੇ ਹਾਂ ਤਾਂ ਬਿਲਕੁੱਲ ਸਪੱਸ਼ਟ ਹੋ ਜਾਂਦਾ ਹੈ ਕਿ ਰੱਬ ਤਾਂ ਸਾਰਿਆਂ ਦਾ ਹੈ। ਪਰ ਗੁਰੂ ਨਾਨਕ ਪਾਤਸ਼ਾਹ ਨੂੰ ਤਾਂ ਦੁੱਖ ਇਸ ਗੱਲ ਦਾ ਹੈ ਕਿ ਜੇਕਰ ਰਾਜਾ ਰਾਜੇ ਨਾਲ ਭਿੜੇ, ਲੜਾਈ ਕਰਕੇ ਮਰੇ ਯਾ ਜੀਵੇ ਤਾਂ ਕਹਿੰਦੇ ਹਨ ਕਿ ਮੈਨੂੰ ਕੋਈ ਰੋਸ ਨਹੀਂ।

ਕਰਤਾ ਤੂੰ ਸਭਨਾ ਕਾ ਸੋਈ ॥

ਰੱਬਾ! ਤੂੰ ਤਾਂ ਸਾਰਿਆ ਦਾ ਹੈਂ।

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥੧॥ ਰਹਾਉ ॥

ਗੁਰੂ ਜੀ ਸੰਕੇਤ ਕਰਦੇ ਹਨ ਕਿ ਰਾਜਾ ਤਾਂ ਦਿੱਲੀ ਬੈਠਾ ਹੈ ਤੇ ਬਾਬਰਾ ਤੂੰ ਨਿਰਦੋਸ਼ਿਆਂ ਨੂੰ , ਨਿਮਾਣਿਆਂ ਨੂੰ ਅਤੇ ਨਿਤਾਣਿਆਂ ਨੂੰ ਸੈਦਪੁਰ (ਪਿਛਲੇਰਾ ਨਾਮ ਐਮਨਾਬਾਦ) ਵਿੱਚ ਕੁੱਚਲ ਰਿਹਾ ਹੈਂ।

ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥ਪੰਨਾ 360॥

ਜੇ ਕਿਤੇ ਤਕੜਾ ਸ਼ੇਰ ਗਾਈਆਂ ਦੇ ਵੱਗ ਤੇ ਆ ਪਵੇ ਤੇ ਕੁੱਝ ਕੁ ਨੂੰ ਮਾਰ ਦੇਵੇ ਤਾਂ ਗਾਈਆਂ ਦੇ ਮਾਲਕ ਵੱਗ ਦੇ ਖਸਮ ਨਾਲ ਲੈਣ ਦੇਣ ਦੀ ਗੱਲ ਕਰਨਗੇ। ਇਸ ਕਰਕੇ ਕਸੂਰ ਦਿੱਲੀ ਬੈਠੇ ਰਾਜੇ ਦਾ ਹੈ। ਪੁੱਛ-ਗਿੱਛ ਉਸਦੀ ਹੋਣੀ ਚਾਹੀਦੀ ਹੈ।

ਰਤਨ ਵਿਗਾੜਿ ਵਿਗੋਏ ਕੁਤੀਂ ਮੁਇਆ ਸਾਰ ਨ ਕਾਈ ॥ਹੀਰਿਆਂ ਵਰਗੇ ਨੌਜਵਾਨ ਤੇਰੇ ਕੁੱਤਿਆਂ (ਸਿਪਾਹੀਆਂ) ਨੇ ਮਾਰ ਮੁਕਾ ਦਿੱਤੇ ਹਨ ਤੇ ਉਨ੍ਹਾਂ ਦੀ ਕੋਈ ਸਾਰ ਲੈਣ ਵਾਲਾ ਵੀ ਨਹੀਂ ਬਚਿਆ। ਆਪਣੇ ਆਪ ਵਿੱਚ ਕੋਈ ਕਿਤਨਾ ਵੀ ਵੱਡਾ ਕਿਉਂ ਨਾ ਬਣ ਜਾਵੇ, ਜਿਤਨੇ ਮਰਜੀ ਮਨ ਭਾਉਂਦੇ ਰੰਗ ਤਮਾਸ਼ੇ ਕਰੇ ਪਰ ਉਸ ਪ੍ਰਮਾਤਮਾ ਦੀ ਨਜ਼ਰ ਵਿੱਚ ਤਾਂ ਉਹ ਇੱਕ ਕੀੜੇ ਦੇ ਸਮਾਨ ਹੀ ਹੈ। ਜੇ ਤੂੰ ਆਪਣੇ ਆਪ ਨੂੰ ਲੋਕਾਂ ਦੇ ਉਜਾੜੇ ਦੀ ਥਾਂ ਲੋਕ ਭਲਾਈ ਦਾ ਕੰਮ ਕਰਨ ਲੱਗ ਪਵੇਂ ਤਾਂ ਤੂੰ ਆਪਣੇ ਅੱਲਾ-ਤਾਲਾ ਦੇ ਦਰ ਤੋਂ ਕੁੱਝ ਪ੍ਰਾਪਤ ਕਰ ਸਕਦਾ ਹੈਂ?

ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥

ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥

ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ ॥ ਪੰਨਾ 360॥

ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ ॥੨॥ਪੰਨਾ 360॥

ਇਸ ਪੰਗਤੀ ਦੇ ਅਰਥ ਵੀ ਅਕਸਰ ਇਹ ਕੀਤੇ ਜਾਂਦੇ ਹਨ ਕਿ ਭਾਈ ਇਹ ਪ੍ਰਮਾਤਮਾ ਦੀ ਹੀ ਮਰਜ਼ੀ ਹੈ ਚਾਹੇ ਉਹ ਕਿਸੇ ਨੂੰ ਬਚਾ ਲਵੇ ਚਾਹੇ ਮਾਰ ਦੇਵੇ। ਇਸਦਾ ਮਤਲਬ ਇਹ ਹੈ ਕਿ ਅਸੀਂ ਦੋਸ਼ ਰੱਬ ਦੇ ਸਿਰ ਮੜ੍ਹਦੇ ਹਾਂ। ਤੇ ਅਗਲੀ ਪੰਗਤੀ;

ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥੪॥ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥ਪੰਨਾ 417॥

ਦੇ ਅਰਥ ਵੀ ਏਹੀ ਕੀਤੇ ਜਾਂਦੇ ਹਨ ਕਿ ਜੇ ਰੱਬ ਨੂੰ ਭਾਉਂਦਾ ਹੈ ਤਾਂ ਉਹ ਤੁਹਾਨੂੰ ਵਡਿਆਈਆਂ ਬਖਸ਼ ਦਿੰਦਾ ਹੈ ਜੇ ਨਹੀਂ ਤਾਂ ਸਜ਼ਾ। ਭਾਵ ਰੱਬ ਵੱਖਰੇਵਾਂ ਕਰਦਾ ਹੈ। ਪਰ ਗੁਰਬਾਣੀ ਦਾ ਰੱਬ ਤਾ ਸਭ ਦਾ ਸਾਂਝਾ ਹੈ। ਐ ਬੰਦੇ ਜੇ ਤੈਨੂੰ ਕੁਦਰਤ ਦੇ ਨਿਯਮਾਂ ਦੀ ਸਮਝ ਆ ਜਾਵੇ ਤਾਂ ਵਡਿਆਈ ਮਿਲ ਸਕਦੀ ਹੈ ਨਹੀਂ ਤਾਂ ਸਜਾ। ਜੇ ਇਸ ਨਿਯਮ ਨੂੰ ਦਿੱਲੀ ਦੇ ਰਾਜੇ ਨੇ ਸਮਝਿਆ ਹੁੰਦਾ ਕਿ ਤਕੜੇ ਨੂੰ ਜਿਉਣ ਦਾ ਹੱਕ ਹੈ ਤੇ ਮਾੜੇ ਨੇ ਖਤਮ ਹੋਣਾ ਹੀ ਹੈ, ਤਾਂ ਉਹ ਆਪਣੀ ਫੌਜੀ ਤਿਆਰੀ ਕਰਕੇ ਬਾਬਰ ਦੇ ਦੰਦ ਖੱਟੇ ਕਰਦਾ। ਮਤਲਬ ਸਜ਼ਾ ਬਾਬਰ ਨੂੰ ਦਿੰਦਾ। ਦਿੱਲੀ ਵਾਲਿਆਂ ਤਿਆਰੀ ਕੋਈ ਕੀਤੀ ਨਹੀਂ, ਕੁਦਰਤ ਦੇ ਨਿਯਮਾਂ ਨੂੰ ਸਮਝਿਆ ਨਹੀਂ, ਤਾਂ ਵਡਿਆਈਆਂ ਦੀ ਥਾਂ ਸਜ਼ਾ ਹੀ ਮਿਲਣੀ ਸੀ।

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥... ॥

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥ ਪੰਨਾ 97, ਮ:5 ॥

ਗੁਰਬਾਣੀ ਦਾ ਰੱਬ ਨਾ ਕਿਸੇ ਨੂੰ ਕਿਸੇ ਨਾਲੋਂ ਤੋੜਦਾ ਹੈ ਨਾ ਕਿਸੇ ਨੂੰ ਕਿਸੇ ਨਾਲ ਜੋੜਦਾ ਹੈ, ਨਾ ਕਿਸੇ ਨੂੰ ਰੱਖਦਾ ਹੈ ਤੇ ਨਾ ਕਿਸੇ ਨੂੰ ਮਾਰਦਾ ਹੈ, ਨਾ ਕਿਸੇ ਨੂੰ ਸਜ਼ਾ ਦਿੰਦਾ ਹੈ ਤੇ ਨਾ ਕਿਸੇ ਨੂੰ ਵਡਿਆਈਆਂ ਬਖਸ਼ਦਾ ਹੈ। ਉਹ ਇੱਕ ਸਾਰ ਹੈ ਤੇ ਵੱਖਰੇਵਾਂ ਨਹੀਂ ਕਰਦਾ। ਉਪਰ ਲਿਖੀਆਂ ਦੋ ਸਤਰਾਂ ਵਾਲੀਆਂ ਸਾਰੀਆਂ ਗੱਲਾਂ, ਉਹ ਰੱਬ ਤਾਂ ਕਰ ਸਕਦਾ ਹੈ ਜਿਹੜਾ ਕਿਸੇ ਸੱਤਵੇਂ ਅਸਮਾਨ ਤੇ ਬੈਠਾ ਹੈ, ਪਰ ਗੁਰਬਾਣੀ ਵਿੱਚਲਾ ਰੱਬ ਸੱਤਵੇਂ ਅਸਮਾਨ ਤੇ ਨਹੀਂ ਬੈਠਾ ਉਹ ਤਾਂ,

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥੧੯॥ ਪੰਨਾ 1378॥ ਹਿਰਦੇ ਵਿੱਚ ਹੈ।ਮੁੱਕਦੀ ਗੱਲ ਕਿ ਗੁਰੂ ਨਾਨਕ ਪਾਤਸ਼ਾਹ ਰੱਬ ਨੂੰ ਤਾਹਨਾ ਮਿਹਣਾ ਨਹੀਂ ਮਾਰਦੇ, ਸਗੋਂ ਲੋਕਾਂ ਨੂੰ ਲਾਹਨਤਾਂ ਪਾ ਰਹੇ ਹਨ ਕਿ ਲੋਕੋ! ਜੇ ਤਿਆਰੀ ਕੀਤੀ ਹੁੰਦੀ ਤਾਂ ਤੁਹਾਨੂੰ ਮਾਰ ਨਹੀਂ ਸੀ ਪੈਣੀ। ਕਿਉਂਕਿ ਤੁਸੀਂ ਤਿਆਰੀ ਨਹੀਂ ਕੀਤੀ, ਇਸ ਕਰਕੇ ਤੁਸੀਂ ਪੀੜ੍ਹੀ ਦਰ ਪੀੜ੍ਹੀ ਹਮਲਾਵਰਾਂ ਕੋਲੋਂ ਕੁੱਟ ਖਾਂਦੇ ਹੀ ਰਹੋਗੇ। ਕਿਸੇ ਨੇ ਲਿਖਿਆ ਹੈ ਕਿ "ਜਿਸ ਕੌਮ ਦੇ ਪਿਤਾ ਨੂੰ ਮਰਨ ਦਾ ਵੱਲ ਆ ਜਾਵੇ ਉਸ ਕੌਮ ਦੇ ਬੱਚਿਆਂ ਨੂੰ ਜਿਉਣ ਦੀ ਜਾਂਚ ਆ ਜਾਂਦੀ ਹੈ"। ਸਾਰੀ ਗੁਰਬਾਣੀ, ਭਗਤਾਂ ਤੋਂ ਲੈ ਕੇ ਗੁਰੂ ਸਾਹਿਬਾਨ ਤਕ, ਬੰਦੇ ਨੂੰ ਬੰਦਾ ਬਣਨ ਦਾ ਵੱਲ ਸਿਖਾਉਂਦੀ ਹੈ ਤੇ ਇਹ ਤਸਵੀਰ ਸਾਨੂੰ ਛੇਵੇਂ ਪਾਤਸ਼ਾਹ ਦੇ ਵੇਲੇ ਨਜ਼ਰ ਆਉਣੀ ਸ਼ੁਰੂ ਹੁੰਦੀ ਹੈ, ਦਸਵੇਂ ਗੁਰੂ ਜੀ ਵੇਲੇ ਜੋਬਨ ਵਿੱਚ ਦਿੱਸਦੀ ਹੈ, ਬੰਦਾ ਸਿੰਘ ਬਹਾਦਰ ਵੇਲੇ ਖੰਡਾ ਖੜਕਾਉਂਦੀ ਤੇ ਛਣਕਾਟੇ ਪਾਉਂਦੀ ਦਿੱਸਦੀ ਹੈ, ਮਿਸਲਾਂ ਦੇ ਸਮੇਂ ਕਹਿਰ ਝੱਲਦੀ ਤੇ ਮਰਦੀ ਨਜ਼ਰੀਂ ਪੈਂਦੀ ਹੈ ਪਰ ਏਹੋ ਲਹਿਰ ਮੁੜ ਸੁਰਜੀਤ ਹੋ ਕੇ ਖਾਲਸਾ ਰੂਪ ਵਿੱਚ ਲਾਹੌਰ ਤੇ ਕੇਸਰੀ ਨਿਸ਼ਾਨ ਝੁਲਾਉਂਦੀ ਪ੍ਰਤੱਖ ਦਿੱਸਦੀ ਹੈ। ਕਿਉਂਕਿ ਹੁਣ ਇਸਨੇ "ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥ ਪੰਨਾ 417॥ ਨੂੰ ਆਪਣੇ ਹੱਡੀਂ ਹੰਢਾ ਲਿਆ ਹੈ। ਬਾਪ ਸ਼ਹੀਦੀ ਪਾ ਗਿਆ ਹੈ ਤੇ ਪੁੱਤਰਾਂ ਨੂੰ ਜਿਉਣ ਦੀ ਜਾਂਚ ਆ ਗਈ ਹੈ।ਉਲਾਹਨੋ ਮੈ ਕਾਹੂ ਨ ਦੀਓ ॥ ਮਨ ਮੀਠ ਤੁਹਾਰੋ ਕੀਓ ॥੧॥ ਰਹਾਉ ॥ ਪੰਨਾ 978, ਮ:5 ॥

ਗੁਰੂ ਅਰਜਨ ਪਾਤਸ਼ਾਹ ਜੀ ਵੀ ਇਸੇ ਸਿਧਾਂਤ ਦੀ ਗਵਾਹੀ ਉਪਰ ਲਿਖੇ ਸਲੋਕ ਵਿੱਚ ਭਰਦੇ ਹਨ ਕਿ ਮੈਂ ਤਾਂ ਤੈਨੂੰ ਉਲਾਹਮਾ ਦੇ ਹੀ ਨਹੀਂ ਸਕਦਾ ਤੇ ਤੇਰਾ ਹਰ ਹੁਕਮ ਮਿੱਠਾ ਕਰਕੇ ਮਨ ਵਿੱਚ ਮੰਨਦਾ ਹਾਂ।

**ਗੁਰੂ ਦੇ ਪੰਥ ਦਾ ਦਾਸ,**
**ਗੁਰਚਰਨ ਸਿੰਘ**


FRASERVIEW MEATS
The Name of Guaranteed Quality Meats



Number One Quality Meat in Lower Mainland

We also sell cooked chicken
We take orders for all occassion

Serving You Since 1993



Try our Special Chicken Tikkar

Jagir S. Nagra

604-592-2900
#102-12047-80th Ave. Surrey (Besides Mega Fruticana)
www.fraserviewmeats.com

ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ
ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ
ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ
ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ
150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਊ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de
778-928-4522, 778-565-4141, 778-565-3232

# ਕੀ ਕਹਿੰਦਾ ਹੈ ਭਾਰਤ ਪਾਕਿ ਜੰਗ ਬਾਰੇ:ਅਮਰੀਕਨ ਮੀਡੀਆ ਸੀਐਨਐਨ ਦਾ ਵਿਸ਼ਲੇਸ਼ਣ

ਸੱਚਾਈ ਇਹ ਹੈ ਕਿ ਇਸ ਜੰਗ ਵਿਚ ਭਾਰਤ-ਪਾਕਿ ਵਿਚੋਂ ਕੋਈ ਸਪੱਸ਼ਟ ਜੇਤੂ ਨਹੀਂ। ਭਾਰਤ ਅਤੇ ਪਾਕਿਸਤਾਨ ਦੋਵੇਂ ਆਪਣੇ ਮੀਡੀਆ ਅਤੇ ਰਾਜਨੀਤਕ ਆਗੂਆਂ ਰਾਹੀਂ ਜਿੱਤ ਦੇ ਝੰਡੇ ਗੱਡ ਰਹੇ ਨੇ। ਭਾਰਤ ਦਾ ਮੀਡੀਆ ''ਪਾਕਿਸਤਾਨ ਨੇ ਹਾਰ ਮੰਨੀ'' ਵਰਗੀਆਂ ਸੁਰਖੀਆਂ ਲਾਉਂਦਾ ਹੈ, ਜਦਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸਿਰਫ ਆਪਣੀ ਫੌਜ ਦੀ ''ਤਾਰੀਖੀ'' ਜਿੱਤ ਦੀ ਗੱਲ ਕਰਦੇ ਨੇ।

ਪਰ ਇਹ ਸਾਰਾ ਪ੍ਰਚਾਰ ਰਾਜਨੀਤਕ ਅਤੇ ਕੌਮੀ ਹੰਕਾਰ ਨਾਲ ਭਰਿਆ ਹੈ। ਦੋਵੇਂ ਦੇਸ਼ ਆਪਣੇ ਨੁਕਸਾਨ ਨੂੰ ਲੁਕਾਉਣ ਦੀ ਕੋਸ਼ਿਸ਼ ਕਰ ਰਹੇ ਨੇ, ਜਿਵੇਂ ਭਾਰਤ ਨੇ ਆਪਣੇ ਜਹਾਜ਼ਾਂ ਦੇ ਡਿੱਗਣ ਦੀ ਗੱਲ ਨੂੰ ਨਕਾਰਿਆ, ਭਾਵੇਂ ਪਾਕਿਸਤਾਨ ਨੇ ਪੰਜ ਜਹਾਜ਼ ਮਾਰਨ ਦਾ ਦਾਅਵਾ ਕੀਤਾ। ਸੀਐਨਐਨ ਦੀ ਰਿਪੋਟ ਅਨੁਸਾਰ ਦੋਵਾਂ ਪਾਸਿਆਂ ਨੂੰ ਭਾਰੀ ਨੁਕਸਾਨ ਹੋਇਆ। ਪਾਕਿਸਤਾਨ ਨੇ ਭਾਰਤ ਦੇ ਜਹਾਜ਼ ਮਾਰਨ ਦੀ ਗੱਲ ਕੀਤੀ, ਜਿਸ ਵਿੱਚ ਫਰਾਂਸੀਸੀ ਰਾਫੇਲ ਜਹਾਜ਼ ਵੀ ਸ਼ਾਮਲ ਸਨ।

ਉਧਰ, ਭਾਰਤ ਨੇ ਸੈਟੇਲਾਈਟ ਤਸਵੀਰਾਂ ਜਾਰੀ ਕਰਕੇ ਪਾਕਿਸਤਾਨ ਦੇ ਫੌਜੀ ਅੱਡਿਆਂ 'ਤੇ ਹਮਲਿਆਂ ਦਾ ਦਾਅਵਾ ਕੀਤਾ। ਇਸ ਤਰ੍ਹਾਂ, ਦੋਵੇਂ ਦੇਸ਼ਾਂ ਨੇ ਇੱਕ-ਦੂਜੇ ਨੂੰ ਨੁਕਸਾਨ ਪਹੁੰਚਾਇਆ, ਪਰ ਕੋਈ ਵੀ ਸਪੱਸ਼ਟ ਜਿੱਤ ਨਹੀਂ ਹਾਸਲ ਕਰ ਸਕਿਆ। ਜੰਗਬੰਦੀ ਵਿੱਚ ਅਮਰੀਕਾ ਦੀ ਭੂਮਿਕਾ ਮਹੱਤਵਪੂਰਨ ਸੀ, ਜਿਸ ਨੂੰ ਰਾਸ਼ਟਰਪਤੀ ਟਰੰਪ ਅਤੇ ਉਸ ਦੀ ਟੀਮ ਨੇ ਅੱਗੇ ਵਧਾਇਆ। ਪਾਕਿਸਤਾਨ ਨੇ ਇਸ ਦਖਲਅੰਦਾਜ਼ੀ ਦੀ ਸ਼ਲਾਘਾ ਕੀਤੀ, ਪਰ ਭਾਰਤ ਨੇ ਇਸ ਨੂੰ ਆਪਣੀ ਕੌਮੀ ਸੁਤੰਤਰਤਾ ਅਤੇ ਕਸ਼ਮੀਰ ਮੁੱਦੇ 'ਤੇ ਵਿਦੇਸ਼ੀ ਦਖਲ ਨੂੰ ਰੱਦ ਕਰਨ ਦੀ ਨੀਤੀ ਕਾਰਨ ਨਕਾਰਿਆ। ਇਹ ਭਾਰਤ ਦੀ ਰਾਜਨੀਤਕ ਰਣਨੀਤੀ ਨੂੰ ਦਰਸਾਉਂਦਾ ਹੈ, ਜਿੱਥੇ ਵਿਦੇਸ਼ੀ ਮਦਦ ਨੂੰ ਸਵੀਕਾਰ ਕਰਨਾ ਕਮਜ਼ੋਰੀ ਵਜੋਂ ਦੇਖਿਆ ਜਾਂਦਾ ਹੈ।

ਇਹ ਤਣਾਅ ਤੇ ਝੜਪਾਂ ਕਸ਼ਮੀਰ ਦੇ ਲੰਮੇ ਸਮੇਂ ਤੋਂ ਚੱਲੇ ਆ ਰਹੇ ਵਿਵਾਦ ਦੀ ਇੱਕ ਹੋਰ ਕੜੀ ਹੈ। ਟਰੰਪ ਦੀ ਕਸ਼ਮੀਰ ਮੁੱਦੇ 'ਤੇ ਸੁਲ੍ਹਾ ਕਰਵਾਉਣ ਦੀ ਪੇਸ਼ਕਸ਼ ਨੂੰ ਪਾਕਿਸਤਾਨ ਨੇ ਸਵੀਕਾਰ ਕੀਤਾ, ਪਰ ਭਾਰਤ ਨੇ ਰੱਦ ਕਰ ਦਿੱਤਾ। ਇਹ ਦਰਸਾਉਂਦਾ ਹੈ ਕਿ ਕਸ਼ਮੀਰ ਦਾ ਮਸਲਾ ਕਿੰਨਾ ਜਟਿਲ ਹੈ, ਜਿਸ ਨੂੰ ਜੰਗਬੰਦੀ ਵਰਗੇ ਆਰਜ਼ੀ ਹੱਲ ਨਾਲ ਨਹੀਂ ਸੁਲਝਾਇਆ ਜਾ ਸਕਦਾ।

ਇਹ ਤਣਾਅ ਅਤੇ ਇਸ ਦੀ ਮੀਡੀਆ ਕਵਰੇਜ ਦਰਸਾਉਂਦੀ ਹੈ ਕਿ ਭਾਰਤ-ਪਾਕਿਸਤਾਨ ਰਿਸ਼ਤੇ ਅਜੇ ਵੀ ਬਹੁਤ ਨਾਜ਼ੁਕ ਨੇ। ਜੰਗਬੰਦੀ ਭਾਵੇਂ ਹੋ ਗਈ, ਪਰ ਕਸ਼ਮੀਰ ਦਾ ਮੁੱਦਾ ਜਿਉਂ ਦਾ ਤਿਉਂ ਹੈ। ਜਦੋਂ ਤੱਕ ਇਸ ਦਾ ਸਥਾਈ ਹੱਲ ਨਹੀਂ ਨਿਕਲਦਾ, ਅਜਿਹੇ ਕਾਂਡ, ਹਮਲੇ ਵਾਪਰਦੇ ਰਹਿਣਗੇ।

# ਮੀਡੀਆ 'ਤੇ ਇੱਕ ਹੋਰ ਹਮਲਾ

ਭਾਰਤ ਵਿੱਚ ਮੀਡੀਆ 'ਤੇ ਮੰਡਰਾਅ ਰਹੇ ਜ਼ਬਰਦਸਤ ਸੰਕਟ ਦੀ ਇੱਕ ਹੋਰ ਮਿਸਾਲ ਅਖਬਾਰ 'ਗੁਜਰਾਤ ਸਮਾਚਾਰ' ਦੇ ਮਾਲਕ ਬਾਹੂਬਲੀ ਸ਼ਾਹ ਦੀ ਈ ਡੀ ਵੱਲੋਂ ਗ੍ਰਿਫਤਾਰੀ ਨਾਲ ਸਾਹਮਣੇ ਆਈ ਹੈ। 1932 ਵਿੱਚ ਸਥਾਪਤ ਗੁਜਰਾਤ ਸਮਾਚਾਰ ਸੂਬੇ ਦਾ ਸਭ ਤੋਂ ਪੁਰਾਣਾ ਤੇ ਸਰਕਰਦਾ ਅਖਬਾਰ ਹੈ ਅਤੇ ਸਰਕਾਰ ਕਿਸੇ ਵੀ ਪਾਰਟੀ ਦੀ ਹੋਵੇ, ਉਸ ਦੀਆਂ ਖਾਮੀਆਂ ਨੂੰ ਬੇਝਿਜਕ ਉਜਾਗਰ ਕਰਨ ਲਈ ਜਾਣਿਆ ਜਾਂਦਾ ਹੈ। ਦੁਨੀਆ-ਭਰ ਵਿੱਚ ਵਸਦੇ ਗੁਜਰਾਤੀ ਇਸ ਦੇ ਪਾਠਕ ਹਨ। ਬਾਹੂਬਲੀ ਸ਼ਾਹ ਦੇ ਭਰਾ ਤੇ ਅਖਬਾਰ ਦੇ ਚੀਫ ਐਡੀਟਰ ਸ਼੍ਰੇਯਾਂਸ ਸ਼ਾਹ ਮੁਤਾਬਕ ਅਖਬਾਰ ਤੇ ਉਨ੍ਹਾਂ ਦੇ ਟੀ ਵੀ ਨਿਊਜ਼ ਚੈਨਲ ਜੀ ਐੱਸ ਟੀ ਵੀ ਤੇ ਹੋਰ ਅਦਾਰਿਆਂ 'ਤੇ ਇਨਕਮ ਟੈਕਸ ਤੇ ਈ ਡੀ ਵੱਲੋਂ 24 ਥਾਂਵਾਂ 'ਤੇ 36 ਘੰਟੇ ਛਾਪੇਮਾਰੀ ਕਰਨ ਉਪਰੰਤ ਉਨ੍ਹਾ ਦੇ ਭਰਾ ਨੂੰ ਵੀਰਵਾਰ ਦੇਰ ਰਾਤ ਗ੍ਰਿਫਤਾਰ ਕੀਤਾ ਗਿਆ। ਉਨ੍ਹਾ ਨੂੰ ਬ੍ਰੇਨ ਸਟਰੋਕ ਵੀ ਹੋਇਆ ਸੀ ਤੇ ਦਿਲ ਦਾ ਦੌਰਾ ਵੀ ਪੈ ਚੁੱਕਾ ਹੈ ਤੇ ਤਬੀਅਤ ਠੀਕ ਨਹੀਂ ਚੱਲ ਰਹੀ। ਫਿਰ ਵੀ ਕੁਝ ਗੱਲਾਂ ਕਬੂਲ ਕਰਨ ਲਈ ਉਨ੍ਹਾ 'ਤੇ ਦਬਾਅ ਪਾਇਆ ਗਿਆ।

ਰਾਹੁਲ ਗਾਂਧੀ ਨੇ ਕਿਹਾ ਹੈ ਕਿ ਗੁਜਰਾਤ ਸਮਾਚਾਰ ਨੂੰ ਖਾਮੋਸ਼ ਕਰਨ ਦੀ ਕੋਸ਼ਿਸ਼ ਵਿਕੋਲਿਤਰੀ ਘਟਨਾ ਨਹੀਂ, ਇਹ ਪੂਰੀ ਜਮਹੂਰੀਅਤ ਦੀ ਆਵਾਜ਼ ਦਬਾਉਣ ਦੀ ਇੱਕ ਹੋਰ ਸਾਜ਼ਿਸ਼ ਹੈ। ਜਦੋਂ ਸੱਤਾ ਨੂੰ ਸ਼ੀਸ਼ਾ ਦਿਖਾਉਣ ਵਾਲੇ ਅਖਬਾਰਾਂ ਨੂੰ ਤਾਲੇ ਲਾਏ ਜਾਂਦੇ ਹਨ ਤਾਂ ਸਮਝ ਲਓ ਜਮਹੂਰੀਅਤ ਖਤਰੇ ਵਿੱਚ ਹੈ। ਬਾਹੂਬਲੀ ਸ਼ਾਹ ਦੀ ਗ੍ਰਿਫਤਾਰੀ ਡਰਾਉਣ ਦੀ ਉਸੇ ਸਿਆਸਤ ਦਾ ਹਿੱਸਾ ਹੈ, ਜੋ ਮੋਦੀ ਸਰਕਾਰ ਦੀ ਪਛਾਣ ਬਣ ਚੁੱਕੀ ਹੈ। ਦੇਸ਼ ਨਾ ਡੰਡੇ ਨਾਲ ਚੱਲੇਗਾ, ਨਾ ਡਰ ਨਾਲਭਾਰਤ ਚੱਲੇਗਾ ਸੱਚ ਤੇ ਸੰਵਿਧਾਨ ਨਾਲ।

ਗੁਜਰਾਤ ਸਮਾਚਾਰ ਲੰਬੇ ਸਮੇਂ ਤੋਂ ਸੱਤਾ ਦੇ ਖਿਲਾਫ ਨਿਰਪੱਖ ਤੇ ਨਿਡਰ ਪੱਤਰਕਾਰਤਾ ਦਾ ਪ੍ਰਤੀਕ ਰਿਹਾ ਹੈ। ਹਾਲ ਹੀ ਵਿੱਚ ਉਸ ਨੇ ਭਾਰਤ ਤੇ ਪਾਕਿਸਤਾਨ ਦੀ ਲੜਾਈ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ 'ਤੇ ਸਵਾਲ ਉਠਾਏ ਸਨ। ਮੋਦੀ ਸਰਕਾਰ ਦਾ ਇਹ ਰਵੱਈਆ ਕੋਈ ਨਵਾਂ ਨਹੀਂ ਹੈ। 2014 ਵਿੱਚ ਸੱਤਾ 'ਚ ਆਉਣ ਦੇ ਬਾਅਦ ਤੋਂ ਹੀ ਭਾਰਤ ਵਿੱਚ ਪ੍ਰੈੱਸ ਦੀ ਆਜ਼ਾਦੀ ਵਿਸ਼ਵ ਰੈਂਕਿੰਗ 'ਚ 140 ਤੋਂ ਡਿਗ ਕੇ 161 'ਤੇ ਪੁੱਜ ਗਈ ਹੈ। ਬੀ ਬੀ ਸੀ, ਨਿਊਜ਼ਕਲਿੱਕ ਅਤੇ ਨਿਊਜ਼ਲਾਂਡਰੀ ਵਰਗੇ ਆਜ਼ਾਦ ਮੀਡੀਆ ਅਦਾਰਿਆਂ 'ਤੇ ਈ ਡੀ, ਸੀ ਬੀ ਆਈ ਤੇ ਇਨਕਮ ਟੈਕਸ ਦੀ ਛਾਪੇਮਾਰੀ ਆਮ ਹੋ ਗਈ ਹੈ। ਪੱਤਰਕਾਰਾਂ ਨੂੰ ਦਹਿਸ਼ਤਗਰਦੀ ਤੇ ਦੇਸ਼ਧ੍ਰੋਹ ਵਰਗੇ ਝੂਠੇ ਦੋਸ਼ਾਂ ਵਿੱਚ ਗ੍ਰਿਫਤਾਰ ਕੀਤਾ ਜਾ ਰਿਹਾ ਹੈ। ਸੋਸ਼ਲ ਮੀਡੀਆ 'ਤੇ ਅਲੋਚਨਾਤਮਕ ਸਮੱਗਰੀ ਨੂੰ ਹਟਾਉਣ ਲਈ ਹੰਗਾਮੀ ਕਾਨੂੰਨਾਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਰਿਪੋਰਟਰਜ਼ ਵਿਦਾਊਟ ਬਾਰਡਰਜ਼, ਐਮਨੈਸਟੀ ਇੰਟਰਨੈਸ਼ਨਲ ਤੇ ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ ਵਰਗੀਆਂ ਕੌਮਾਂਤਰੀ ਜਥੇਬੰਦੀਆਂ ਨੇ ਭਾਰਤ ਵਿੱਚ ਪ੍ਰੈੱਸ ਦੀ ਆਜ਼ਾਦੀ 'ਤੇ ਹਮਲਿਆਂ ਦੀ ਨਿੰਦਾ ਕੀਤੀ ਹੈ। ਗੁਜਰਾਤ ਸਮਾਚਾਰ ਨੇ ਕੋਵਿਡ-19 ਤੇ ਕਿਸਾਨ ਅੰਦੋਲਨ ਦੌਰਾਨ ਵੀ ਸਰਕਾਰ ਦੀਆਂ ਕਮੀਆਂ ਨੂੰ ਖੁੱਲ੍ਹ ਕੇ ਉਜਾਗਰ ਕੀਤਾ ਸੀ। ਗੁਜਰਾਤ ਸਮਾਚਾਰ ਨੇ ਸਰਕਾਰੀ ਹਮਲਿਆਂ ਦੀ ਕਦੇ ਪਰਵਾਹ ਨਹੀਂ ਕੀਤੀ। ਵੇਲਾ ਹੈ ਕਿ ਪੱਤਰਕਾਰ ਬਰਾਦਰੀ ਦੇ ਨਾਲ-ਨਾਲ ਆਮ ਲੋਕ ਵੀ ਇਸ ਬੇਇਨਸਾਫੀ ਦੇ ਖਿਲਾਫ ਆਵਾਜ਼ ਉਠਾਉਣ ਤਾਂ ਕਿ ਭਾਰਤ ਵਿੱਚ ਜਮਹੂਰੀਅਤ ਤੇ ਪ੍ਰੈੱਸ ਦੀ ਆਜ਼ਾਦੀ ਨੂੰ ਬਚਾਇਆ ਜਾ ਸਕੇ।

# ਭਾਰਤ-ਪਾਕਿ ਵਿਚਾਲੇ 'ਸਥਾਈ ਗੋਲੀਬੰਦੀ' ਲਈ ਉਸਾਰੂ ਭੂਮਿਕਾ ਨਿਭਾਵਾਂਗੇ:ਚੀਨ

ਪੇਈਚਿੰਗ: ਚੀਨ ਨੇ ਕਿਹਾ ਕਿ ਉਹ ਭਾਰਤ ਤੇ ਪਾਕਿਸਤਾਨ ਵਿਚਾਲੇ ਸਥਾਈ ਗੋਲੀਬੰਦੀ ਲਈ ਉਸਾਰੂ ਭੂਮਿਕਾ ਨਿਭਾਏਗਾ।ਪਾਕਿਸਤਾਨ ਦੇ ਉਪ ਪ੍ਰਧਾਨ ਮੰਤਰੀ ਤੇ ਵਿਦੇਸ਼ ਮੰਤਰੀ ਮੁਹੰਮਦ ਇਸਹਾਕ ਡਾਰ ਚੀਨ ਦੇ ਸਿਖਰਲੇ ਕੂਟਨੀਤਕ ਵਾਂਗ ਯੀ ਨਾਲ ਵਾਰਤਾ ਲਈ ਇੱਥੇ ਪਹੁੰਚੇ ਹਨ। ਭਾਰਤ-ਪਾਕਿ ਤਣਾਅ ਤੋਂ ਬਾਅਦ ਚੀਨ ਦੀ ਯਾਤਰਾ ਕਰਨ ਵਾਲੇ ਪਾਕਿਸਤਾਨ ਦੇ ਪਹਿਲੇ ਉੱਚ ਪੱਧਰੀ ਅਧਿਕਾਰੀ ਹਨ। ਡਾਰ ਵੱਲੋਂ ਚੀਨ ਨਾਲ ਵੱਖ ਵੱਖ ਮੁੱਦਿਆਂ 'ਤੇ ਚਰਚਾ ਕੀਤੇ ਜਾਣ ਦੀ ਉਮੀਦ ਹੈ ਜਿਨ੍ਹਾਂ 'ਚ ਸਿੰਧੂ ਜਲ ਸੰਧੀ ਮੁਅੱਤਲ ਕਰਨ ਸਬੰਧੀ ਭਾਰਤ ਦਾ ਫ਼ੈਸਲਾ ਵੀ ਸ਼ਾਮਲ ਹੋ ਸਕਦਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਮਾਓ ਨਿੰਗ ਨੇ ਕਿਹਾ, 'ਚੀਨ ਤੇ ਪਾਕਿਸਤਾਨ ਪੁਰਾਣੇ ਰਣਨੀਤਕ ਸਹਿਯੋਗੀ ਤੇ ਭਾਈਵਾਲ ਹਨ।










ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
Special Sale
3 PCS Set
$1150
2 PCS SOFA & LOVE SEAT
$1550
2 PCS SOFA & LOVE SEAT
$1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ


+91 77175-02848
+91 98146-12006
+91 99882-68982
GE
+1 778-899-1576
+1 778-207-8100
EAGLE EYE
PICK & DROP TAXI SERVICE
CAR RENTALS & TAXI SERVICE
24 HOURS DELHI AIRPORT SERVICE
ONE WAY TAXI
SELF DRIVE
TOUR PACKAGES
Long Route Tour Packages Available With Urbania 17 Seater
SURREY: #256 12899-76Ave
KHANNA: Near Shri Saraswati Sanskrit College Samadhi Rd
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
ਫਗਵਾੜਾ
ਜਲੰਧਰ
ਨਕੋਦਰ
ਮੋਗਾ
ਅੰਮ੍ਰਿਤਸਰ
ਨਵਾਂ ਸ਼ਹਿਰ
ਲੁਧਿਆਣਾ
ਚੰਡੀਗੜ੍ਹ
ਫਿਲੌਰ
BOOK NOW!
24/7 CUSTOMER SUPPORT
*ਦਿੱਲੀ ਤੋਂ ਪੰਜਾਬ ਵਨ ਵੇਅ ਸਰਵਿਸ
*ਟਰੈਕਿੰਗ ਸਿਸਟਮ
*24 ਘੰਟੇ ਸਰਵਿਸ
WE OFFER VARIETY OF CARS OPTION FOR YOUR COMFORT
*ਵੱਡੇ ਪਰਿਵਾਰ ਜਾਂ ਛੋਟੇ ਪਰਿਵਾਰ ਲਈ ਗੱਡੀ
*ਡਰਾਈਵਰ ਜਾਂ ਬਿਨਾ ਡਰਾਈਵਰ ਤੋਂ ਗੱਡੀ ਲੈ ਸਕਦੇ ਹੋ
BOOK CAR RENTALS
UPDOWN 160 DOLLAR TILL LUDHIANA
UPDOWN 200 DOLLAR TILL JALANDHAR
UPDOWN 300 DOLLAR TILL AMRITSAR
TAXI
ONE WAY TAXI SERVICES
FROM DELHI AIRPORT
JALANDHAR
LUDHIANA
HOSHIARPUR
CHANDIGARH
AMRITSAR
MOGA
BEST RATES